# ਚੁੱਪ ਦੀ ਬੁਕੱਲ

ਅਮਜਦ ਆਰਫ਼ੀ

ਪਬਲੀਕੇਸ਼ਨ

# ਚੜ੍ਹਾਵਾ

ਹਿਮਤੋਂ ਵੱਧ ਕੇ ਰਲ਼ ਮਿਲ ਸਾਰੇ ਯਾਰ ਕਰਾਂਗੇ
ਇਕ ਦੂਜੇ ਦੇ ਵੰਡ ਕੇ ਹੌਲੇ ਭਾਰ ਕਰਾਂਗੇ

ਜੱਫੀਆਂ ਪਾ ਕੇ, ਹੱਥ ਮਿਲਾ ਕੇ, ਔਦਰ ਲਾਹ ਕੇ
ਸੀਨੇ ਲੱਗ ਕੇ ਸੀਨੇ ਠੰਢੇਠਾਰ ਕਰਾਂਗੇ

ਇਕ ਦੂਏ ਦੇ ਖੱਬ ਬਣਾਂਗੇ ਇਕ ਦੂਜੇ ਦੇ ਲਈ
ਸੋਚਾਂ ਤੋਂ ਵੀ ਉੱਚੀ ਸੰਗ ਦੇ ਡਾਰ ਕਰਾਂਗੇ

ਪਿਆਰ ਚੰਨ੍ਹਾਂ ਵਿਚ ਤੰਦੀ ਮੈਲਾਂ ਮਲ਼ ਮਲ਼ ਧੋਕੇ
ਚੰਨ ਤੋਂ ਸੋਹਣਾ ਅਪਣਾ ਇਹ ਸੰਸਾਰ ਕਰਾਂਗੇ

ਸੱਜਣਾਂ ਦੇ ਲਈ ਰੱਖੇ ਪਿਆਰ ਦੇ ਡੀਵੇ
ਨੈਣਾਂ ਦੇ ਨਾਲ਼ ਨੈਣ ਮਿਲਾ ਕੇ ਚਾਰ ਕਰਾਂਗੇ

ਵੱਡਿਆਂ ਨੇਂ ਜੋ ਪੱਗ ਵਟਾਈ ਸੰਗਤਾਂ ਵਾਲੀ
ਐਸੇ ਸਾਂਝ ਦੇ ਰਲ਼ ਕੇ ਬੇੜੇ ਪਾਰ ਕਰਾਂਗੇ

ਮੋਢੇ ਦੇ ਨਾਲ਼ ਜੋੜ ਕੇ ਮੋਢਾ ਸ਼ਾਮ ਸਵੇਰੇ
ਦੇਸ ਪੰਜਾਬ ਦੀ ਧਰਤੀ ਲਈ ਕੰਮਕਾਰ ਕਰਾਂਗੇ

ਪਿਆਰ ਦੇ ਦੀਵੇ ਬਾਲ ਕੇ ਅਮਜਦ ਦੁਨੀਆ ਉੱਤੇ
ਆਪਣੇ ਹੱਥੀਂ ਇਕ ਇਕ ਰੌਸ਼ਨ ਥਾਹਰ ਕਰਾਂਗੇ

# ਅੱਖਾਂ ਦੀਆਂ ਛੱਲਾਂ ਨੂੰ ਪਲਕਾਂ ਦੀਆਂ ਠੱਲ੍ਹਾਂ

ਵੱਡਿਆਂ ਦੇ ਗਵੇੜ ਤੇ ਗੱਲਾਂ ਦਾ ਅੱਠਾ ਸੱਠਾ ਲਾ ਕੇ ਪਤਾ ਚੱਲਦਾ ਏ ਕਿ ਮੈਂ ਏਸ ਦੁਨੀਆ ਨੂੰ ਵੇਖਣ ਲਈ 1958 ਈ. ਵਿਚ ਏਸ ਦੁਨੀਆ ਤੇ ਮੌਜ਼ਾ ਹੱਸੋਕੇ ਜਿਹੜਾ ਸੱਯਦ ਵਾਲਾ, ਮੰਡੀ ਰੁਡਾਲਾ ਰੋਡ, ਤੇ ਜੰਦਰਾਕਿਆਂ ਦੇ ਨੇੜੇ ਨੇੜੇ ਏ, ਦੇ ਬੜੇ ਇੱਜ਼ਤਦਾਰ ਘਰਾਨੇ ਜਿਹਨੂੰ ਓਥੇ ਦੇ ਵਸਨੀਕ ''ਮੀਆਂ ਕੇ'' ਆਹਦੇ ਸਨ ਤੇ ਉਹ ਖ਼ਾਨਦਾਨ ਇਲਾਕੇ ਦੇ ਹੁਸਨ ਨੂੰ ਚੋਖਾ ਕਰਣ ਲਈ ਪਾਸੇ ਦੇ ਖ਼ਾਲਿਸ ਸੋਨੇ ਦੀਆਂ ਟੂੰਬਾਂ ਬਨਾਣ ਦੇ ਨਾਲ਼ ਨਾਲ਼ ਪਾਸੇ ਦੇ ਖ਼ਾਲਿਸ ਸੋਨੇ ਵਰਗੇ ਮੇਲ ਮਿਲਾਪ ਤੋਂ ਵੀ ਜਾਣਿਆ ਜਾਂਦਾ ਸੀ ਇਸੇ ਖ਼ਾਨਦਾਨ ਵਿਚ ਇੱਕ ਹਸਤੀ ਸੀ ਜਿਹੜੀ ਕਿ ਆਪਣੇ ਨਾਂ ਵਾਂਗੂੰ ਵੀ ''ਆਰਿਫ਼'' ਸੀ ਉਨ੍ਹਾਂ ਦੇ ਘਰ ਉੱਚ ਅੱਖ ਖੋਲੀ।

ਪਹਿਲੀ ਤੋਂ ਲੈ ਕੇ ਸੱਤਵੀਂ ਤੀਕਰ ਫੱਟੀ ਪੋਚਦਿਆਂ ਤੇ ਡਿੰਗੀਆਂ ਸਿੱਧੀਆਂ ਲਕੀਰਾਂ ਪਾਂਦਿਆਂ ਹੋਇਆਂ ਤਾਲੀਮ ਹਾਸਿਲ ਕੀਤੀ ਬਲਕਿ ਸਿਰਫ਼ ਪੜ੍ਹਨਾ ਲਿਖਣਾ ਸਿੱਖਿਆ।

ਭੈਣੀ ਤੇ ਆਪਣੇ ਹਾਣੀਆਂ ਨਾਲ਼ ਗਿਲੀ ਡੰਡਾ, ਹੱਲ ਕਾਂਗੜਾ, ਲੁਕਣ ਮੀਟੀ, ਪਿੱਠੂ ਗਰਮ ਤੇ ਨਿੱਕਿਆਂ ਭਰਾਵਾਂ ਨੂੰ ਖਿਡਾਂਦੇ ਹੋਇਆਂ ਗੁਜ਼ਰਿਆ।

ਮੌਜ਼ਾ ਹੱਸੋਕਿ ਵਿਚ ਇੱਕ ਖੂਹ ਹੁੰਦਾ ਸੀ ਉਸ ਖੂਹ ਤੇ ਇੱਕ ਵਾਰੀ ਆਪਣੀ ਮਾਂ ਨਾਲ਼ ਗਿਆ ਤੇ ਗਾਹਦੀ ਦੇ ਪਿੱਛੇ ਟੁਰਦਿਆਂ ਲਾਹੰਦਿਆਂ ਤੇ ਚੜ੍ਹਦਿਆਂ ਹੋਈਆਂ ਖੂਹ ਵਿਚ ਡਿੱਗ ਪਿਆ ਦੂਰੋਂ ਕੋਈ ਬੰਦਾ ਵੇਖ ਰਿਹਾ ਸੀ ਉਸ ਨੇ ਦੂਰੋਂ ਬੂ ਬੂ ਪਾਈ ਤੇ ਭੱਜ ਕੇ ਟਿੰਡ ਨਾਲ਼ ਚਿਮੜੇ ਹੋਏ ਅਮਜਦ ਨੂੰ ਬਾਹਰ ਕੱਢਿਆ।

ਐਸੇ ਤਰਹਾਂ ਇੱਕ ਵਾਰੀ ਮੈਂ ਤੇ ਮੇਰਾ ਪਤਰੀਰ ਭਾਈ ਰਾਸ਼ਿਦ ਹੁਸੈਨ ਬਹਿਸ਼ਤੀ ''ਜੱਪਿਆਂ ਦੇ ਘਰ ਦਾਂਦਾਂ ਦੀ ਖੁਰਲੀ ਵਿਚੋਂ ਗੰਢੇਰੀਆਂ ਚੁਗਣ ਗਏ ਤੇ ਮੈਂ ਉਖਰਾਣੀ ਵਿਚ ਵੱੜ ਗਿਆ ਤੇ ਭਾਈ ਰਾਸ਼ਿਦ ਬਾਹਰ ਖਲੋ ਗਿਆ ਮੈਂ ਉਖਰਾਣੀ ਵਿਚੋਂ ਗੰਢੇਰੀਆਂ ਬਾਹਰ ਸੁੱਟਦਾ ਰਿਹਾ ਤੇ ਭਾਈ ਰਾਸ਼ਿਦ ਝੋਲ਼ੀ ਭਰਦਾ ਰਿਹਾ। ਇਕੋ ਦਮ ਦਾਂਦ ਨੇਂ ਸਿਰ ਮਾਰਿਆ ਤੇ ਮੈਂ ਦਾਂਦਾਂ ਦੇ ਦੋਹਵਾਂ ਸਿੰਘਾਂ ਦੇ ਵਿਚ ਫੱਸ ਗਿਆ ਦਾਂਦਾਂ ਨੇਂ ਓੱਖਰਾਣੀ ਚੋਂ ਸਿਰ ਬਾਹਰ ਕੱਢ ਕੇ ਇੱਕ ਵਾਰੀ ਤੇ ਮੁੜ ਜਦੋਂ ਦੂਈ ਵਾਰੀ ਜਦੋਂ ਛੰਡਿਆ

ਤੇ ਯਾਰ ਕੇ ਪਤਾ ਨਹੀਂ ਕਿੱਥੇ ਜਾ ਡਿੱਗੇ। ਇਹ ਸਾਰਾ ਕੁਝ ਮਾਸੀ ਨੇਅਮਤ ਜੱਪੀ ਵੇਖ ਰਹਈ ਸੀ। ਓਸ ਨੇ ਘਰ ਆ ਕੇ ਮੁਬਾਰਿਕ ਦਿੱਤੀ ਕਿ ਭਰਾ ਆਰਿਫ਼ ਤੇਰੇ ਛੋਹਰ ਨੂੰ ਰੱਬ ਰੱਖਿਆ ਏ। ਵਾਲਿਦ ਸਾਹਿਬ ਨੇ ਆਪਣੇ ਬਾਲਾਂ ਦੇ ਬਿਹਤਰ ਮੁਸਤਕਬਿਲ ਵਾਸਤੇ ਹੱਸੋਕੇ ਨੂੰ ਖ਼ੈਰ ਬਾਦ ਕੀਤਾ ਤੇ ਨਾਲ਼ ਦੇ ਕਸਬੇ ਮੰਡੀ ਰੋਡਾਲਾ ਜਿੱਥੇ ਰੇਲਵੇ ਸਟੇਸ਼ਨ ਵੀ ਸੀ ਤੇ ਨਾਲ਼ ਦੇ ਪਿੰਡਾਂ ਚੋਂ ਲੋਕੀ ਐਥੇ ਆਕੇ ਸੌਦਾ ਸਲਫ਼ ਖ਼ਰੀਦਦੇ ਸੀ। ਹਿਜਰਤ ਕੀਤੀ।

ਰੋਡਾਲਾ ਰੋਡ ਜਿਹਦਾ ਦੂਜਾ ਨਾਂ ਚੱਕ ਨੰਬਰ 283 ਗਾਫ਼ ਬੇ ਗੁਗੀਰਾ ਬ੍ਰਾਂਚ ਏ ਉਦੋਂ ਓਥੇ ਕੋਈ ਸਕੂਲ ਨਹੀਂ ਹੁੰਦਾ ਸੀ। ਇੱਕ ਸਕੂਲ ਨਾਲ਼ ਦੇ ਥੇਂ ''ਸਮੁੰਦਰ'' ਇਚ ਸੀ ਤੇ ਦੂਜਾ ਸ਼ਹਾਮਦ ਦੇ ਚੱਕ ਨੰਬਰ 283 ਗਾਫ ਬੇ ਸੀ ਓਥੇ ਈ ਹਾਈ ਸਕੂਲ ਵੀ ਸੀ।

''ਸਮੁੰਦਰ'' ਇਚ ਪੰਜ ਜਮਾਅਤਾਂ ਪਾਸ ਕੀਤੀਆਂ ਤੇ ਛੇਵੀਂ ਸੱਤਵੀਂ ਸ਼ਹਾਮਦ ਦੇ ਚੱਕ ਉੱਚ ਪੜ੍ਹੀਆਂ। ਜੀਵਨ ਨੂੰ ਕਿੰਜ ਜੀਵੀਦਾ ਏ ਉਹਦਾ ਪਤਾ ਜਦੋਂ ਮੈਂ ਸੱਤਵੀਂ ਜਮਾਤੇ ਪੜ੍ਹਦਾ ਸੀ ਉਦੋਂ ਲੱਗਾ ਜਦੋਂ ਮੇਰੀ ਵਾਲਦਾ ਸਾਹਿਬਾ ਨੂੰ ''ਅਧਰੰਗ'' ਫ਼ਾਲਿਜ ਨੇ ਆ ਘੇਰਿਆ ਤੇ ਉਹ ਮੋੜ ਆ ਗਿਆ ਜਿਥੇ ਸਾਰਾ ਕੁਝ ਈ ਬਦਲ ਗਿਆ।

ਵੱਡਾ ਪੁੱਤਰ ਹੋਣ ਦੇ ਨਆਤੇ ਆਪਣੇ ਵਾਲਿਦ ਸਾਹਿਬ ਦਾ ਸੁਫ਼ਨਾ ਜਿਹੜਾ ਕਿ ਉਹ ਮੈਨੂੰ ਕੁਝ ਬਨਾਣ ਦਾ ਵੇਖਦੇ ਸਨ ਅੱਧ ਵਿਚਕਾਰੇ ਹੀ ਛੱਡ ਕੇ ਸਕੂਲ ਛੁਡਾ ਦਿੱਤਾ ਤੇ ਏਸ ਤਰਹਾਂ 1973 ਈ. ਵਿਚ ਟੂੰਬਾਂ ਦੀ ਸ਼ਕਲ ਇਚ ਆਪਣੇ ਆਣ ਆਲੇ ਵੇਲੇ ਨੂੰ ਆਹਰਨ ਤੇ ਹਥੌੜੇ ਦੇ ਵਿਚਕਾਰ ਕਿੰਜ ਪੱਧਰਾ ਕਰੀਦਾ ਏ ਤੇ ਜ਼ਮਾਨੇ ਦੀ ਭਖ਼ਦੀ ਭੱਠੀ ਵਿਚ ਸੋਨਾ ਕਿੰਜ ਕੁੰਦਨ ਬਣਦਾ ਏ ਸਿਖਾਣਾ ਸ਼ੁਰੂ ਕਰ ਦਿੱਤਾ।

ਟੂੰਬਾਂ ਘੜਨ ਦੇ ਨਾਲ਼ ਨਾਲ਼ ਵਾਲਿਦ ਸਾਹਿਬ ਕੋਲ਼ ਜਿਹੜੇ ਜਿਹੜੇ ਬਜ਼ੁਰਗ, ਦਰਵੇਸ਼, ਤੇ ਬਾਬੇ ਲੋਕ ਆਂਦੇ ਸਨ ਉਨ੍ਹਾਂ ਦੀ ਸੋਹਬਤ ਵਿਚ ਰਹਿਕੇ ਬੜੀਆਂ ਗੱਲਾਂ, ਤੇ ਰਮਜ਼ਾਂ ਸੁਣਨ ਨੂੰ ਮਿਲਦੀਆਂ ਤੇ ਦਿਲ ਤੇ ਬੜਾ ਅਸਰ ਕਰਦੀਆਂ ਸਨ, ਉਦੋਂ ਦੀਆਂ ਇਹ ਗੱਲਾਂ ਐਸੀਆਂ ਦਿਲ ਤੇ ਨਕਸ਼ ਹੋਈਆਂ ਕਿ ਅੱਜ ਵੀ ਜਦੋਂ ਕਿਸੇ ਖੋਬੇ ਵਿਚ ਪੈਰ ਫਸ ਜਾਂਦੇ ਨੇਂ ਤੇ ਉਹੀ ਗੱਲਾਂ, ਉਹੀ ਰਮਜ਼ਾਂ ਤੇ ਉਨ੍ਹਾਂ ਬਾਬਿਆਂ ਦੀਆਂ ਦੁਆਵਾਂ ਪਹਿਲੇ ਹੁੱਬਕੇ ਇਚ ਈ ਬਾਹਰ ਕੱਢ ਦੇਂਦੀਆਂ ਨੇਂ।

1976 ਈ. ਤੋਂ ਲੈ ਕੇ 1978 ਈ. ਦੇ ਸ਼ੁਰੂ ਤੀਕਰ ਕਰਾਚੀ ਵਿਚ ਐਸੇ ਕੰਮ ਨੂੰ ਜਾਰੀ ਰੱਖਿਆ ਤੇ ਮਾਂ ਪਿਓ ਦਾ ਹੱਥ ਵੰਡਾਂਦਾ ਰਿਹਾਂ। 1978 ਈ. ਵਿਚ ਆਪਣੇ ਭੈਣ ਭਰਵਾਂ ਦੇ ਬਿਹਤਰ ਮੁਸਤਕਬਿਲ ਤੇ ਮਾਂ

ਪਿਓ ਦੀ ਆਸੂਦਾਹਾਲੀ ਲਈ ਆਪਣੇ ਵਤਨ ਨੂੰ ਛੱਡ ਕੇ ਪ੍ਰਦੇਸ ''ਜਰਮਨੀ'' ਵਿਚ ਡੇਰੇ ਲਾ ਲਏ। ਪ੍ਰਦੇਸ ਇਚ ਵੀ ਥਾਂ ਤੇ ਮਾਰਨ ਵਾਲੀਆਂ ਖ਼ਬਰਾਂ ਨੇ ਜਾਨ ਨਾ ਛੱਡੀ ਤੇ 30 ਮਈ 1982 ਈ. ਨੂੰ ਵਾਲਦਾ ਸਾਹਿਬਾ ਵੀ ਸਾਨੂੰ ਛੱਡਕੇ ਜਾਣ ਆਲੀ ਖ਼ਬਰ ਆਈ ਤੇ ਉੱਕਾ ਈ ਢੇਰ ਹੋ ਗਿਆ ਕਿ ਹੁਣ ਸਾਡਾ ਕੀ ਬਣਸੀ। ਮਾਵਾਂ ਮਰਣ ਤੇ ਰੱਬ ਇਹ ਕਹਿ ਕੇ ਸਬਰ ਦੇ ਦੇਂਦਾ ਏ ਕਿ ਮੈਂ ਤੁਹਾਨੂੰ ਸੱਤਰ ਮਾਵਾਂ ਤੋਂ ਵੱਧ ਪਿਆਰ ਕਰਾਂਗਾ।

ਐਸੇ ਤਰਹਾਂ ਈ 2003 ਈ. ਮਈ ਦੀ 29 ਤਰੀਖ਼ ਨੂੰ ਇੱਕ ਡਾਢਾ ਤੂਫ਼ਾਨ ਆਇਆ ਤੇ ਓਸ ਤੂਫ਼ਾਨ ਵਿਚ ਇੱਕ ਆਸ਼ਿਕ ਆਪਣੇ ਮਹਿਬੂਬ ਨੂੰ ਮਿਲਣ ਲਈ ਛਾਲਾਂ ਤੇ ਨਾਅਰੇ ਮਾਰਦਿਆਂ ਹੋਇਆਂ ਟੁਰ ਗਿਆ। ਪਰ ਉਹ ਓਸੇ ਚਾ ਇਚ ਉਹ ਭੁੱਲ ਗਿਆ ਕਿ ਜਿਨ੍ਹਾਂ ਬੂਟਿਆਂ ਨੂੰ ਮੈਂ ਆਪਣੀ ਤੇ ਆਪਣੀ ਜੀਵਨ ਸਾਥੀ ਦੀ ਰੁੱਤ ਦੇ ਦੇ ਕੇ ਵੱਡੀਆਂ ਕੀਤਾ ਏ ਇਨ੍ਹਾਂ ਬੂਟਿਆਂ ਦਾ ਕੀ ਬਣੇਗਾ। ਜਿਨ੍ਹਾ ਨੂੰ ਤਸੱਵਫ਼ ਦੀਆਂ ਲੋਰੀਆਂ ਸੁਣਾ ਸੁਣਾ ਕੇ ਤੇ ਪਿਆਰ ਦੀ ਬੁੱਕਲ ਵਿਚ ਅੱਲ੍ਹਾ ਹੂ ਦੀ ਚੋਗ ਚੁਗਾ ਕੇ ਤੇ ਆਪਣੇ ਦਿਲ ਵਿਚੋਂ ਨਿਕਲੀਆਂ ਜ਼ਰਬਾਂ ਦੀ ਹੁਫ ਨਾਲ਼ ਵੱਡਾ ਕੀਤਾ ਏ ਕੀ ਬਣੇਗਾ

1984 ਈ. ਵਿਚ ਰੱਬ ਸੋਹਣੇ ਨੇ ਫ਼ਰਿਸ਼ਤਾ ਸਿਫ਼ਤ ਜੀਵਨ ਸਾਥੀ ਦਿੱਤਾ ਜਿਹਦੇ ਨਾਲ਼ ਜਿਊਣ ਦਾ ਪੈਂਡਾ ਬੜਾ ਈ ਸੋਹਣਾ ਲੰਘ ਰਿਹਾ ਏ ਰੱਬ ਕਰੇ ਇਹ ਸਾਥ ਤੋੜਦਾ ਸਾਥ ਹੋਵੇ ਕਈ ਵਾਰੀ ਔਖੇ ਵੇਲੇ ਆਏ ਪਰ ਏਸ ਰੱਬ ਦੀ ਬੰਦੀ ਤੇ ਕਦੀ ਵੀ ਮੇਰੇ ਹੌਸਲੇ ਨੂੰ ਢਹਿਣ ਨਈਂ ਦਿੱਤਾ ਤੇ ਨਾ ਈ ਮੈਨੂੰ ਡੋਲਣ ਦਿੱਤਾ।

ਗੱਲ ਟੁਰਦੀ ਟੁਰਦੀ ਕਿੰਨੀ ਦੂਰ ਤਾਈਂ ਚਲੀ ਗਈ। ਮੈਂ ਵਾਪਸ ਏਸ ਕਿਤਾਬ ਵੱਲੇ ਆਨਾਂ।

ਅਦਬ ਦੇ ਨਾਲ਼ ਪਿਆਰ ਤੇ ਲਗਾਓ ਨਾਨਕਿਆਂ ਤੇ ਦਾਦਕਿਆਂ ਵੱਲੋਂ ਗੁੜ੍ਹਤੀ ਇਚ ਈ ਸ਼ਾਮਿਲ ਸੀ। ਵਾਲਿਦ ਸਾਹਿਬ ਦੀ ਸਾਰੀ ਔਲਾਦ ਈ ਮਾਸ਼ਾਆਲ੍ਹਾ ਅਦਬ ਨਾਲ਼ ਚੰਗੀ ਤਰਹਾਂ ਜੁੜੀ ਹੋਈ ਏ ਤੇ ਅਦਬ ਦੇ ਬਾਗ਼ ਵਿਚੋਂ ਚੋਣਵੇਂ ਚੋਣਵੇਂ ਤੇ ਸੋਹਣੇ ਸੋਹਣੇ ਹਰ ਫਲ ਦੀ ਵੱਖਰੀ ਵੱਖਰੀ ਅਦਬੀ ਖ਼ੁਸ਼ਬੂ ਏ। ਜਿਹੜੀ ਲੋਕਾਂ ਦੇ ਦਿਲਾਂ ਤੱਕ ਪਹੁੰਚ ਕੇ ਲੂੰ ਲੂੰ ਵਿਚ ''ਅਸਲ'' ਦੇ ਰਾਜ਼ ਖੋਲਦੀ ਏ ਤੇ ਦਿਮਾਗ਼ਾਂ ਦੀ ਫੁਲਵਾਰੀ ਵਿਚ ਸੋਚਦੇ ਛੱਟੇ ਮਾਰ ਮਾਰ ਕੇ ਨਵੇਂ ਸਿਰਿਉਂ ਉਹਦੇ ਅੰਦਰ ਤਾਜ਼ਗੀ ਪੈਦਾ ਕਰਦੀ ਰਹਿੰਦੀ ਏ।

ਰੋਡਾਲਾ ਰੋਡ ਵਿਚ ਬਚਪਨ ਦੇ ਬੈਲੀ ਗ਼ੁਲਾਮ ਮੁਸਤਫ਼ਾ ਆਜ਼ਾਦ ਜਿਹਨਾਂ ਦਾ ਕਲਮੀ ਨਾਂ ਆਜ਼ਾਦ ਨਕੇਬੀ ਏ ਹੋਰੀ ਤੇ ਮੈਂ ਅਕਸਰ ਸ਼ਿਅਰ ਕਹਿਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸੀ। ਸ਼ੁਰੂ ਤੋਂ ਈ ਇਸ਼ਕ ਮਾਅਸ਼ੂਕੀ ਵਾਲੇ ਸ਼ਿਅਰਾਂ ਵਿਚ ਦਿਲਚਸਪੀ ਨਈਂ ਸੀ ਹਾਲਾਂਕਿ ਇਹ ਬਿਮਾਰੀ ਲੱਗ ਵੀ ਗਈ ਪਰ ਫ਼ਿਰ ਵੀ--

ਹੁਣ ਵੀ ਜਦੋਂ ਕਿਸੇ ਸੋਹਣੀ ਤੇ ਮਿਠੜੀ ਯਾਦ ਦੀ ਤੇਜ਼ ਵਾਅ ਘੁੱਲਦੀ ਏ ਤੇ ਪੁਰਾਣੀਆਂ ਯਾਦਾਂ ਦਾ ਕੋਈ ਨਾ ਕੋਈ ਬੂਹਾ ਬਾਰੀ ਖੁੱਲ ਜਾਂਦੀ ਏ ਤੇ ਫ਼ਿਰ ਹਿਜਰ ਦੇ ਐਸ ਸਾਵੇ ਰੁੱਖ ਦੇ ਪਿੱਛੇ ਦੱੜ ਵੱਟ ਕੇ ਪਏ ਲਿਤਾੜੇ ਹੋਏ ਫੁਲ ਦੀ ਮਿੱਟੀ ਹਾਲ ਦੀ ਅੱਖ ਵਿਚ ਰੜਕਣ ਲੱਗ ਪੈਂਦੀ ਏ, ਤੇ ਫ਼ਿਰ ਜਦੋਂ ਵੀ ਇਸ ਖ਼ਵਾਬਾਂ ਭਰੀ ਅੱਖ ਨੂੰ ਆਪਣੇ ਮਜ਼ਦੂਰੀ ਕਰਦੇ ਹੱਥਾਂ ਨਾਲ਼ ਮਲਨਾਂ ਵਾਂ ਤੇ ਪੁਰਾਣੀਆਂ ਯਾਦਾਂ ਤੇ ਗੁਜ਼ਰਿਆ ਵੇਲ਼ਾ ਅੱਖਾਂ ਦੇ ਵਿਚ ਰੰਗ ਬਰੰਗੀਆਂ ਤਸੱਲੀਆਂ ਦੇ ਕੇ ਹਲੇ ਵੀ ਐਧਰ ਓਧਰ ਨੱਸਣਾ, ਭਜਣਾ, ਸ਼ੁਰੂ ਕਰ ਦੇਂਦਾ ਏ ਤੇ ਫ਼ਿਰ ਆਪੇ ਈ ਥੱਕ ਹਾਰ ਕੇ ਦਿਮਾਗ਼ ਦੀ ਕਿਸੇ ਨੁੱਕਰੇ ਬੁੱਕਲ ਮਾਰ ਕੇ ਪੈ ਜਾਂਦਾ ਏ ਤੇ ਅਗਲੀ ਵਾਰ ਨੂੰ ਉਡੀਕਦਾ ਰਹਿੰਦਾ ਏ।

ਆਪਣੀ ਜ਼ਿੰਦਗੀ ਦਾ ਪਹਿਲਾ ਮੁਸ਼ਾਇਰਾ 1993 ਈ. ਵਿਚ ਆਪਣੇ ਬਹੁਤ ਪਿਆਰੇ ਮੁਹਸਿਨ ਤੇ ਅਦਬ ਨਾਲ਼ ਰੱਜਵਾਂ ਪਿਆਰ ਕਰਣ ਵਾਲੇ ਮੁਹਤਰਮ ਜ਼ਫ਼ਰੁਲ੍ਹਾ ਮਹਿਮੂਦ ਹੋਰਾਂ ਨਾਲ਼ ਪੰਜਾਬੀ ਦੇ ਮਸ਼ਹੂਰ ਗਾਵਣ ''ਉਮਰਾਂ ਲੰਘੀਆਂ ਪੱਬਾਂ ਭਾਰ'' ਦੇ ਖ਼ਾਲਿਕ ਮਜ਼ਹਰ ਤਰਮਜ਼ੀ ਤੇ ਇੰਗਲੈਂਡ ਚੋਂ ਆਏ, ਉੱਚਾ ਨਾਂ ਰੱਖਣ ਵਾਲੇ ਸ਼ਾਇਰ ਸਾਕੀ ਫ਼ਾਰੂਕੀ ਹੋਰਾਂ ਨਾਲ਼ ਪੜ੍ਹਨ ਦਾ ਇਤਫ਼ਾਕ ਹੋਇਆ ਸਾਰਿਆਂ ਦੋਸਤਾਂ ਨੇ ਮਾਣ ਵਧਾਇਆ ਤੇ ਫ਼ਿਰ ਦੁਬਾਰਾ ਸੱਦ ਕੇ ਕਲਾਮ ਨੂੰ ਸੁਣਿਆ ਗਿਆ। ਐਸੇ ਹੌਸਲੇ ਨੇ ਈ ਅੱਗੇ ਸਫ਼ਰ ਜਾਰੀ ਰੱਖਣ ਤੇ ਲਾਈ ਰੱਖਿਆ, ਕਦੀ ਕਦੀ ਮੁਸ਼ਾਇਰਿਆਂ ਵਿਚ ਵੀ ਪੜ੍ਹਨ ਦਾ ਇਤਫ਼ਾਕ ਹੁੰਦਾ ਸੀ।

ਮੇਰੇ ਐਤਨ ਤਕ ਪੈਂਡੇ ਵਿਚ ਬੜੇ ਯਾਰ ਦੋਸਤ ਨਾਲ਼ ਰਹੇ ਤੇ ਮੇਰੇ ਘਰ ਆਲਿਆਂ ਨੇ ਵੀ ਬੜਾ ਸਾਥ ਦਿੱਤਾ ਤੇ ਹੱਲੇ ਤਾਈਂ ਵੀ ਬਰਦਾਸ਼ਤ ਕਰਦੇ ਨੇਂ।

ਏਸ ਕਿਤਾਬ ''ਚੁੱਪ ਦੀ ਬੁੱਕਲ'' ਅਤੇ ਤਾਹਿਰ ਅਦੀਮ ਹੋਰਾਂ ਨੇ ਗਹਿਰੀ ਨਜ਼ਰ ਰੱਖੀ ਤੇ ਹਰ ਜਗ੍ਹਾ ਤੇ ਹਰ ਸ਼ੋਅਬੇ ਵਿਚ ਨਾਲ਼ ਨਾਲ਼ ਰਹੇ ਤੇ ਆਪਣੇ ਕੀਮਤੀ ਟਾਇਮ ਵਿਚੋਂ ਟਾਇਮ ਕੱਢ ਕੇ ਬੈਠਕਾਂ ਵੀ ਕਰਦੇ ਰਹੇ ਤੇ ਆਪਣੇ ਤਜਰਬੇ ਦਾ ਭਰਪੂਰਾ ਫ਼ਾਇਦਾ ਦੇਂਦੇ ਰਹੇ। ਬਰਖ਼ੁਰਦਾਰੀ ਵੀ ਚੰਗੀ ਤਰਹਾਂ ਨਿਭਾਈ।

ਮੇਰੇ ਸੋਹਣੇ ਵੀਰ ਮੁਹਤਰਮ ਅੱਯੂਬ ਕਮੋਕਾ ਅਗਰ ਮੇਰੀ ਹੌਸਲਾ ਅਫ਼ਜ਼ਾਈ ਨਾ ਕਰਦੇ ਤੇ ਉਚੇਚਾ ਆਹਰ ਨਾ ਦਿਵਾਂਦੇ ਤੇ ਅੱਜ ਵੀ ਖ਼ੌਰੇ ਚੁੱਪ ਚੀ ਬੁੱਕਲ ਕਿਧਰੇ ਬੁੱਕਲ ਮਾਰ ਕੇ ਚੁੱਪ ਚੁਪੀਤੇ ਪਈ ਹੁੰਦੀ।

ਹਰ ਨਵੇਂ ਮੋੜ ਤੇ ਅੱਯੂਬ ਵੀਰ ਰਾਹ ਵਿਖਾਂਦੇ ਰਹੇ ਜਿਥੇ ਕਿਧਰੇ ਵੀ ਬੇੜੀ ਅੜ ਜਾਂਦੀ ਸੀ ਉਹ ਆਪਣੇ ਪਿਆਰ ਦੇ ਚੱਪੂਆਂ ਨਾਲ਼ ਓਥੋਂ ਕੱਢਦੇ ਰਹੇ, ਤੇ ਉਨ੍ਹਾਂ ਨੇ ਮੈਨੂੰ ਆਲਸੀ ਨਹੀਂ ਬਣਨ ਦਿੱਤਾ।

ਆਖ਼ਿਰ ਤੇ ''ਚੁੱਪ ਦੀ ਬੁੱਕਲ'' ਬਾਰੇ ਕੁਝ ਕਹਿਣਾਂ ਚਾਹਵਾਂਗਾ। ਚੁੱਪ ਦੀ ਬੁੱਕਲ ਅਸਲ ਵਿਚ ਉਦੋਂ ਖੁੱਲੀ ਜਦੋਂ ਰੱਬ ਸੋਹਣੇ ਨੇਂ ਰੂਹਾਂ ਕੋਲੋਂ ਆਲਮ ਅਰਵਾਹ ਵਿਚ ਪੁੱਛਿਆ ਕਿ ਕੀ ਮੈਂ ਤੁਹਾਡਾ ਰੱਬ ਨਹੀਂ ਤੇ ਰੂਹਾਂ ਨੇ ਜਵਾਬ ਦਿੱਤਾ ਕਿ ਕਿਉਂ ਨਹੀਂ ਅਸੀਂ ਇਕਰਾਰ ਕਰਨੀਆਂ ਵਾਂ ਕਿ ਤੂੰ ਈ ਸਾਡਾ ਰੱਬ ਐਂ।

ਜਦੋਂ ਇਹ ਬੁੱਕਲ ਖੁੱਲੀ ਤੇ ਅਸਮਾਨਾਂ ਦੇ ਵਿਚ ਅਸਮਾਨਾਂ, ਅਸਮਾਨਾਂ ਦੇ ਉਤੇ ਅਸਮਾਨਾਂ, ਜ਼ਮੀਨ, ਤੇ ਫ਼ਿਰ ਜ਼ਮੀਨ ਦੇ ਅੰਦਰ ਜ਼ਮੀਨਾਂ, ਤੇ ਫ਼ਿਰ ਜ਼ਮੀਨ ਦੇ ਥੱਲੇ ਜ਼ਮੀਨਾਂ, ਏਸ ਜਹਾਨ ਤੇ ਇਹਦੇ ਵਿਚ ਜਹਾਨਾਂ ਤੇ ਉਹਦੇ ਵਿਚ ਜਹਾਨਾਂ, ਏਸ ਆਲਮ ਤੇ ਫ਼ਿਰ ਇਹਦੇ ਵਿਚ ਆਲਮਾਂ, ਅੱਗ, ਪਾਣੀ, ਹਵਾ, ਮਿੱਟੀ ਦੇ ਰਾਜ਼ ਤੇ ਇਸੇ ਤਰਾਂ ਉਨ੍ਹਾਂ ਰਾਜ਼ਾਂ ਦੇ ਰਾਜ਼ ਜਿਵੇਂ ਜਿਵੇਂ ਏਸ ਬੁੱਕਲ ਤੇ ਖੁਲਦੇ ਗਏ ਓਵੇਂ ਓਵੇਂ ਉਹ ਕਦੀ ਨਾ ਕਦੀ ਆਪਣੇ ਅੰਦਰ ਝਾਤੀ ਮਾਰਦੀ ਰਹੀ।

ਕਦੀ ਕਦੀ ਤੇ ਉਹ ਕੋਈ ਨਾ ਕੋਈ ਰਾਜ਼ ਲੈ ਕੇ ਉਹਦੇ ਰਾਜ਼ ਨੂੰ ਫਰੋਲਣ ਲੱਗ ਪੈਂਦੀ ਏ ਤੇ ਜਦੋਂ ਕੋਈ ਸਿਰਾ ਹੱਥੀਂ ਆ ਜਾਵੇ ਤੇ ਉਹੀ ਸਿਰਾ ਇੱਕ ਨਵਾਂ ਸਿਰਾ ਫੱੜਾ ਕੇ ਟੁਰ ਜਾਂਦਾ ਏ।

ਜਦੋਂ ਵੀ ਤੇ ਜਿਹਨੇ ਵੀ,ਏਸ ਬੁੱਕਲ ਚੋਂ ਬਾਹਰ ਝਾਤੀ ਪਾਣ ਦੀ ਕੋਸ਼ਿਸ਼ ਕੀਤੀ ਉਦੋਂ ਈ ਬੁੱਕਲ ਚੋਂ ਨਿਕਲਣ ਵਾਲਿਆਂ ਨੂੰ ਸੂਲੀ ਤੇ ਚੜ੍ਹਾ ਦਿੱਤਾ ਗਿਆ।

ਹਲੇ ਵੀ ਕਈ ਲੋਕ ਆਪਣੀ ਆਪਣੀ ਬੁੱਕਲ ਚੋਂ ਜਦੋਂ ਵੀ ਬਾਹਰ ਝਾਤੀ ਪਾਣ ਦੀ ਕੋਸ਼ਿਸ਼ ਕਰਦੇ ਨੇਂ ਤੇ ਉਨ੍ਹਾਂ ਨੂੰ ਵਣਕੋ ਵਣਕੀ ਸੂਲੀਆਂ ਵਖਾਈਆਂ ਤੇ ਦਿੱਤੀਆਂ ਜਾਂਦੀਆਂ ਨੇਂ।

ਕਿਸੇ ਨੂੰ ਕੁਫ਼ਰ ਦੀ ਸੂਲੀ ਦਿੱਤੀ ਜਾਂਦੀ ਏ। ਕਿਸੇ ਨੂੰ ਹਿਜਰ ਦੀ, ਕਿਸੇ ਨੂੰ ਭੁੱਖ ਦੀ, ਕਿਸੇ ਨੂੰ ਮੌਤ ਦੀ ਸੂਲੀ ਚਾੜ੍ਹਨ ਤੋਂ ਪਹਿਲੇ ਈ ਸੂਲੀ ਤੇ ਚਾੜ੍ਹਿਆ ਜਾਂਦਾ ਏ। ਕਈ ਵਾਰੀ ਵੇਖਣ ਇਚ ਆਇਆ ਕਿ

ਇੱਕ ਸੂਲੀ ਤੋਂ ਲਾਹ ਕੇ ਫ਼ਿਰ ਦੂਜੀ ਸੂਲੀ ਤੇ ਚਾੜ੍ਹਇਆ ਜਾਂਦਾ ਏ ਤੇ ਕਈਆਂ ਦੀ ਕਿਸਮਤ ਵਿਚ ਤੇ ਇੰਜ ਲਿਖਿਆ ਹੁੰਦਾ ਏ ਕਿ ਉਹ ਨਾ ਦੱਸਣ ਵਾਲੀ ਸੂਲੀ ਤੇ ਅੰਦਰੋ ਅੰਦਰੀ ਹੀ ਚੜ੍ਹਦੇ ਰਹਿੰਦੇ ਨੇਂ।

ਇੱਕ ਨਿੱਕੀ ਜਈ ਗੱਲ ਤੇ ਕਹਵਾਂਗਾ ਕਿ ਜਿਨ੍ਹਾਂ ਜਿਨ੍ਹਾਂ ਨੇਂ ਜਿਹੜੀ ਜਿਹੜੀ ਵੀ ਬੁੱਕਲ ਮਾਰੀ ਹੋਈ ਏ ਉਹ ਜਦੋਂ ਵੀ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਨੇਂ ਤੇ ਫ਼ਿਰ---

ਅਖ਼ੀਰ ਤੇ''ਚੁੱਪ ਦੀ ਬੁੱਕਲ'' ਮਾਰ ਕੇ ਬਹਿ ਜਾਂਦੇ ਨੇਂ। ਕੁਝ ਮੇਰੇ ਵਰਗੇ ਵੀ ਆਪਣੇ ਆਪ ਨਾਲ਼ ਇਹ ਗੱਲ ਤੇ ਜ਼ਰੂਰ ਕਰਦੇ ਹੋਵਣਗੇ ਕਿ ਜਿਹੜੀ ਉਹ ''ਚੁੱਪ ਦੀ ਬੁੱਕਲ'' ਬੁੱਕਲ਼ ਮਾਰ ਕੇ ਇੱਕ ਨੁਕਰੇ ਪਈ ਹੋਈ ਸੀ ਓਨ੍ਹੇਂ ਆਪੇ ਖੋਲ ਕੇ ਫ਼ਿਰ ਇਸ ਕੋਲੋਂ ਸਾਰੇ ਰਾਜ਼ ਰਾਜ਼ ਈ ਰੱਖਣੇ ਸੀ ਤੇ ਫ਼ਿਰ ਕਿਉਂ ਉਹ ਬੁੱਕਲ ਖੁੱਲੀ।

ਅਮਜਦ ਆਰਫ਼ੀ

# ਬਾਬਾ ਨਾਨਕ ਜੀ

ਦੁਖੀਆਂ ਦੇ ਗ਼ਮਖ਼ਾਰ ਨੇ ਬਾਬਾ ਨਾਨਕ ਜੀ
ਗੁਰੂਆਂ ਦੇ ਸਰਦਾਰ ਨੇਂ ਬਾਬਾ ਨਾਨਕ ਜੀ

ਕੱਪੜੇ ਦੀ ਇਕ ਲੀਰ ਨਾ ਸਮਝੀਂ ਪਗੜੀ ਨੂੰ
ਸਿੱਖਾਂ ਦੀ ਦਸਤਾਰ  ਨੇਂ ਬਾਬਾ ਨਾਨਕ ਜੀ

ਮੂੰਹੋਂ ਬੋਲ ਕੇ ਦੱਸਿਆ ਏ ਕਰਤਾਰ  ਪੂਰੇ
ਸਭਨਾਂ ਦੇ ਦਿਲਦਾਰ ਨੇਂ ਬਾਬਾ ਨਾਨਕ ਜੀ

ਅੱਗ ਦਾ ਦਰਿਆ ਝਾਗਦੇ ਨੇਂ ਜੋ ਬੰਦਿਆਂ ਲਈ
ਇੰਝ ਦਾ ਇੱਕ ਕਿਰਦਾਰ ਨੇਂ ਬਾਬਾ ਨਾਨਕ ਜੀ

ਧਰਮ ਦੀ ਐਨਕ ਲਾਹ ਕੇ ਕੋਈ ਵੇਖੇ ਤੇ
ਦਿਸਦੇ ਪਾਰ ਉਰਵਾਰ ਨੇਂ ਬਾਬਾ ਨਾਨਕ ਜੀ

ਰੱਬ ਕਰੇ ਅਜਮੇਰ ਅਸੀਂ ਵੀ ਟੁਰ ਜਾਈਏ
ਉਧਰ ਭਗਤ ਤਿਆਰ ਨੇਂ ਬਾਬਾ ਨਾਨਕ ਜੀ

ਮਾਰ ਉਡਾਰੀ ਆ ਜਾਣਾ ਸੀ ਅਮਜਦ ਨੇਂ
ਪੈਂਡੇ ਬਹੁੰ ਵਿਚਕਾਰ ਨੇਂ ਬਾਬਾ ਨਾਨਕ ਜੀ

0

ਕੱਖ ਹਾਂ ਭਾਵੇਂ ਲੱਖ ਮੌਲਾ
ਆਪੇ ਸ਼ਰਮਾਂ ਰੱਖ ਮੌਲਾ

ਜਿਹੜੀ ਪੜ੍ਹ ਲਏ ਦਿਲ ਦੀ ਗੱਲ
ਦੇਵੀਂ ਇੰਝ ਦੀ ਅੱਖ ਮੌਲਾ

ਹੁਣ ਤੇ ਆਪ ਟਾਕੀ ਲਾ
ਇੰਝ ਨਹੀਂ ਬੱਚਦੇ ਕੱਖ ਮੌਲਾ

ਕੱਠਿਆਂ ਰੱਖੀਂ ਨਾਲ਼ ਸੱਜਣ
ਕਰੀਂ ਨਾ ਮੈਨੂੰ ਵੱਖ ਮੌਲਾ

ਮੈਂ ਦੀ ਇਹ ਅਣਭੌਂਦੀ ਅੱਗ
ਮੁੜ ਨਾ ਜਾਵੇ ਭੱਖ ਮੌਲਾ

ਇੱਕੋ ਅਮਜਦ ਬੰਨ੍ਹੀ ਏ
ਤੇਰੇ ਨਾਂ ਦੀ ਰੱਖ ਮੌਲਾ

0

ਯਾਦ ਉਸਾਰੇ ਚੁੱਪ ਦੀ ਬੁੱਕਲ਼
ਥਾਂ ਤੇ ਮਾਰੇ ਚੁੱਪ ਦੀ ਬੁੱਕਲ਼

ਜਦ ਵੀ ਜਿਭ ਚੋਂ ਲੰਬੂ ਨਿਕਲਣ
ਭਾਂਬੜ ਠਾਰੇ ਚੁੱਪ ਦੀ ਬੁੱਕਲ਼

ਰਹਿ ਕੇ ਭੁੱਖ ਹਵੇਲੀ ਅੰਦਰ
ਮਹਿਲ ਉਸਾਰੇ ਚੁੱਪ ਦੀ ਬੁੱਕਲ਼

ਮਨ ਵਿਚ ਜੋ ਵੀ ਰਿਝਦਾ ਰਹਿੰਦਾ
ਕਰੇ ਨਤਾਰੇ ਚੁੱਪ ਦੀ ਬੁੱਕਲ਼

ਇਸ਼ਕ ਦੀ ਅੱਗ ਏ ਜਦ ਵੀ ਭੱਖ਼ਦੀ
ਹਆਂ ਨੂੰ ਠਾਰੇ ਚੁੱਪ ਦੀ ਬੁੱਕਲ਼

ਜਦ ਵੀ ਢੁੱਕਣ ਯਾਦ ਬਰਾਤਾਂ
ਦਾਜ ਖਿਲਾਰੇ ਚੁੱਪ ਦੀ ਬੁੱਕਲ਼

ਚੰਨ ਨੂੰ ਛੱਡਕੇ ਕੱਲਿਆਂ ਅਮਜਦ
ਮਾਰ ਗਏ ਤਾਰੇ ਚੁੱਪ ਦੀ ਬੁੱਕਲ਼

0

ਪਿਆਰ ਦੀ ਸੂਲੀ ਚੜ੍ਹ ਵੇ ਅੜਿਆ
ਇਸ਼ਕ ਦੀ ਅੱਗ ਤੇ ਕੜ੍ਹ ਵੇ ਅੜਿਆ

ਡੁੱਬ ਨਾ ਜਾਵਾਂ ਅੱਧ ਵਿਚਕਾਰੇ
ਬਾਂਹ ਮੇਰੀ ਲੈ ਫੱੜ ਵੇ ਅੜਿਆ

ਹਾਂ ਤੇ ਨਾ ਦੇ ਹੋਣ ਨਿਤਾਰੇ
ਮੁੰਜੀ ਵਾਂਗ ਤੂੰ ਛੱੜ ਵੇ ਅੜਿਆ

ਛੱਡਦੇ ਸਾਰੇ ਇਲਮ, ਕਿਤਾਬਾਂ
ਇਸ਼ਕ ਦਾ ਪੰਨਾ ਪੜ੍ਹ ਵੇ ਅੜਿਆ

ਗੱਲਾਂ ਨਾਲ਼ ਨਹੀਂ ਇਹਨੇ ਢਹਿਣਾ
ਵਿਚ ਅਖਾੜੇ ਵੜ ਵੇ ਅੜਿਆ

ਹੁਸਨ ਨੂੰ ਜਿਹੜੇ ਚੋਖਾ ਕਰਦੇ
ਇੰਝ ਦੇ ਗਹਿਣੇ ਘੜ ਵੀ ਅੜਿਆ

ਕੱਢ ਕੇ ਅੰਦਰੋਂ ਮੈਲ਼ ਹਸੱਦ ਦੀ
ਪਿਆਰ ਦੇ ਮੋਤੀ ਜੱੜ ਵੇ ਅੜਿਆ

ਅਮਜਦ ਏਸ ਨੇਂ ਧੋਣੀਆਂ ਲੀਕਾਂ

ਡੱਕ ਨਾਂ ਹੰਝ ਦਾ ਹੜ੍ਹ ਵੇ ਅੜਿਆ

0

ਕੰਡ ਖ਼ਾਲੀ ਏ ਬਾਝ ਭਰਾਵਾਂ ਸੋਚੀ ਜਾਵਾਂ
ਦਿਲ ਨੂੰ ਇਹੋ ਗੱਲ ਸਮਝਾਵਾਂ ਸੋਚੀ ਜਾਵਾਂ

ਕਹਿਰ ਦੀ ਧੁੱਪ ਏ ਪੈਰ ਵੀ ਨੰਗੇ ਰੇਤ ਵੀ ਤੱਤੀ
ਰਾਹ ਵਿਚ ਰੁੱਖ ਏ ਟਾਂਵਾਂ ਟਾਂਵਾਂ ਸੋਚੀ ਜਾਵਾਂ

ਹਿਜਰ ਦੀ ਅੱਗ ਪਈ ਅੰਦਰ ਧੁਖ਼ਦੀ ਮੱਠੀ ਮੱਠੀ
ਬਾਹਰ ਨਿਕਲਣ ਠੱਡੀਆਂ ਸਾਹਵਾਂ ਸੋਚੀ ਜਾਵਾਂ

ਢਿੱਡ ਦਾ ਰੌਲ਼ਾ ਮੁੱਕ ਲਵੇ ਤੇ ਦਿਲ ਦੀਆਂ ਪਿਛੇ
ਢੇਰ ਕਰਾਂ ਗਾ ਪੂਰੀਆਂ ਚਾਵਾਂ ਸੋਚੀ ਜਾਵਾਂ

ਦਿਲ ਦੀ ਸੁੰਝੀ ਨੁੱਕਰੇ ਬਹਿਕੇ ਅੱਜ ਵੀ ਅਮਜਦ
ਉਹਦੇ ਬਾਰੇ ਸੋਚੀ ਜਾਵਾਂ ਸੋਚੀ ਜਾਵਾਂ

0

ਵੈਰ ਦੀ ਖੱਟੀ ਖੱਟ ਤੇ ਨਹੀਂ ਨਾ

ਅੱਗੇ ਵੈਰੀ ਘੱਟ ਤੇ ਨਹੀਂ  ਨਾ

ਰੱਬ ਸਬੱਬੀ ਮਿਲ਼ ਪਿਆ ਏਂ

ਮੱਥੇ ਪਾ ਹੁਣ ਵੱਟ ਤੇ ਨਹੀਂ ਨਾ

ਪੱਗ ਜੇ ਤੈਨੂੰ ਰੱਬ ਦਿੱਤੀ  ਏ

ਪੈਰਾਂ ਉੱਤੇ ਸੱਟ ਤੇ ਨਹੀਂ ਨਾ

ਨਵੇਂ ਜੇ ਰੁੱਖ ਤੂੰ ਲਾ ਨਹੀਂ ਸਕਦਾ

ਲੱਗੇ ਹੋਏ ਪੱਟ ਤੇ ਨਹੀਂ ਨਾ

ਜਿਹੜੇ ਦਿਲ ਤੇ ਲੱਗੇ ਹੋਵਣ

ਸੌਖੇ ਘੁਲਦੇ ਫੱਟ ਤੇ ਨਹੀਂ ਨਾ

ਮੱਸੀਂ ਮੈਂ ਅੱਖ ਦਾ ਟੋਇਆ ਭਰਿਆ

ਬੁੱਕਾਂ ਨਾਲ਼ ਤੂੰ ਛੱਟ ਤੇ ਨਹੀਂ ਨਾ

ਵੈਰੀ ਨੂੰ ਕੀ ਆਖਾਂ ਅਮਜਦ

ਤੂੰ ਵੀ ਕੀਤੀ ਘੱਟ ਤੇ ਨਹੀਂ ਨਾ

0

ਵਿਛੜਨ ਵਾਲੀਆਂ ਜਦ ਵੀ ਨੇੜੇ ਘੜੀਆਂ ਹੋਈਆਂ
ਦਿਲ ਤਾਂ ਦਿਲ ਸੀ ਅੱਖਾਂ ਨਾਲ਼ ਵੀ ਬੜੀਆਂ ਹੋਈਆਂ

ਤੇਰੇ ਹੁੰਦਿਆਂ ਪੱਤਝੜ ਵਿਚ ਵੀ ਫੁੱਲ ਖਿੜਦੇ ਸਨ
ਤੇਰੇ ਬਾਹਝੋਂ ਵੇਖ ਲੈ ਚਿੱਟੀਆਂ ਰੜੀਆਂ ਹੋਈਆਂ

ਤੇਰੀ ਤਾਂਘ ਇਚ ਅੱਜ ਵੀ ਸੱਜਣਾ ਮੇਰੀਆਂ ਅੱਖਾਂ
ਰਾਹਵਾਂ ਉਤੇ ਪੱਬਾਂ ਭਾਰ ਨੇਂ ਖੜ੍ਹੀਆਂ ਹੋਈਆਂ

ਅੱਜ ਵੀ ਤੇਰਾ ਮੁੱਖ ਨਹੀਂ ਦਿਸਿਆ ਸ਼ਾਮਾਂ ਤੀਕਰ
ਅੱਜ ਵੀ ਅੱਖਾਂ ਮੇਰੇ ਨਾਲ਼ ਨੇਂ ਲੜੀਆਂ ਹੋਈਆਂ

ਹਿਕ ਵੀ ਲੀਕ ਨਹੀਂ ਉਹਦੇ ਘਰ ਨੂੰ ਜਾਂਦੀ ਅਮਜਦ
ਖ਼ੋਰੇ ਕਿਹਨੇ ਹੱਥ ਦੀਆਂ ਲੀਕਾਂ ਫੜੀਆਂ ਹੋਈਆਂ

0

ਦੁੱਖ ਪੁਰਾਣੇ ਨਵੀਆਂ ਥਾਵਾਂ
ਤੈਨੂੰ ਛੱਡਕੇ ਕਿੱਧਰ ਜਾਵਾਂ

ਸਾਹ ਦਾ ਭਾਰ ਨਹੀਂ ਚੁੱਕਿਆ ਜਾਂਦਾ
ਹੁਣ ਕੀ ਕਰਸਨ ਭੁਗੀਆਂ ਬਾਂਹਵਾਂ

ਪੀਹਣ ਦੀ ਕੋਈ ਸੁਰ ਨਹੀਂ ਲਗਦੀ
ਕਿਹੜੇ ਰੱਖਾਂ ਕਿਹੜੇ ਗਾਹਵਾਂ

ਜਿੰਨੇ ਭਰਮ ਨੇਂ ਕੱਜੇ ਹੋਏ
ਪੱਲੂ ਉਹ ਮੈਂ ਕਿੰਞ ਹਟਾਵਾਂ

ਜਾਵਣ ਵਾਲੇ ਮੁੜ ਨਹੀਂ ਆਉਂਦੇ
ਚੁੱਪ ਕਰ ਜਾ ਓਏ ਕੂੜਿਆ ਕਾਵਾਂ

ਅਮਜਦ ਵੱਖ ਉਹ ਜਦ ਹੋਇਆ ਸੀ
ਸਾਹਵਾਂ ਨਾਲ਼ ਨਾ ਰੱਲੀਆਂ ਸਾਹਵਾਂ

0

ਜਦ ਵੀ ਉਹਨੇ ਮੇਰੀ ਯਾਦ ਵਿਸਾਰੀ ਏ
ਅੱਖਾਂ ਨੇਂ ਹੰਝੂਆਂ ਦੀ ਕੱਧ ਉਸਾਰੀ ਏ

ਐਵੇਂ ਜ਼ਿੱਦ ਨਹੀਂ ਚੰਗੀ ਯਾਰ ਸਿਆਣਾ ਬਣ!
ਇਕ ਹੱਥ ਨਾਲ਼ ਕਿਸੇ ਵੀ ਤਾੜੀ ਮਾਰੀ ਏ

ਕੀ ਹੋਇਆ ਜੇ ਮੈਥੋ ਹੁਣ ਉਹ ਵੇਲ਼ਾ ਨਹੀਂ
ਚਾਰ ਦਿਹਾੜੇ ਮੈਂ ਵੀ ਦੁਨੀਆ ਚਾਰੀ ਏ

ਓਸੇ ਪਾਸੇ ਉੱਡ ਜਾਣੇ ਨੇਂ ਪੰਛੀ ਵੀ
ਜਿਥੇ ਜਿਥੇ ਰੱਬ ਨੇ ਚੋਗ ਖਿਲਾਰੀ ਏ

ਮੇਰੀ ਜਿਭ ਤੇ ਮਜਬੂਰੀ ਦੇ ਜੰਦਰੇ ਨੇਂ
ਤੂੰ ਕਿਉਂ ਸੱਜਣਾ ਚੁੱਪ ਦੀ ਬੁੱਕਲ਼ ਮਾਰੀ ਏ

ਹੁਣ ਤੇ ਭਾਵੇਂ ਮਰਕੇ ਨਿਭੇ-- ਤੋੜ ਨਿਭਾ!
ਛੋਲਿਆਂ ਦਾ ਇਹ ਵੱਢ ਨਹੀਂ ਅਮਜਦ, ਯਾਰੀ ਏ

0

ਹੱਥੀਂ ਇੱਜ਼ਤ ਆਪ ਗਵਾਈ
ਮੁੜ ਵੀ ਮੈਨੂੰ ਅਕਲ ਨਾ ਆਈ

ਚਾਈਂ ਚਾਈਂ ਗਲ ਵਿਚ ਘਤੀ
ਤੇਰੇ ਪਿਆਰ ਦੀ ਸੱਜਣਾਂ ਫਾਈ

ਗੱਲ ਨਹੀਂ ਮੰਨੀ ਯਾਰ ਕਿਸੇ ਦੀ
ਚੱਜ ਦੀ ਘੜੀ ਆਪ ਖੁੰਝਾਈ

ਵੈਣ ਤੇ ਨੇਹੇ ਹੋਠਾਂ ਉੱਤੇ
ਪਾਉਂਦਾ ਫਿਰਾਂ ਮੈਂ ਹਾਲ ਦੁਹਾਈ

ਦਿਲ ਕੜਮੇ ਦੀ ਮੰਨ ਕੇ ਅਮਜਦ
ਕੀਤੀ ਤੋਏਂ ਨਾ ਕੱਖ ਕਮਾਈ

0

ਅੱਜ ਅਸਮਾਨੀਂ ਚੰਨ ਤੇ ਤਾਰੇ ਹੋਣੇ ਨਹੀਂ

ਅੱਜ ਫ਼ਿਰ ਉਹਨੇ ਵਾਲ਼ ਸੰਵਾਰੇ ਹੋਣੇ ਨਹੀਂ

ਜਦ ਤਾਈਂ ਵੇਲ਼ਾ ਛੱਜ ਇਚ ਪਾ ਕੇ ਛੰਡੇ ਨਾ

ਕਿਹੜਾ ਕੀ ਏ? ਯਾਰ ਨਿਤਾਰੇ ਹੋਣੇ ਨਹੀਂ

ਅੱਖਾਂ ਬੰਦ ਕਰਣ ਤੋਂ ਪਹਿਲਾਂ ਸੋਚ ਲਵੀਂ

ਖੁੱਲੀ ਅੱਖ ,ਤੇ ਮਹਿਲ ਚੁਬਾਰੇ ਹੋਣੇ ਨਹੀਂ

ਤੈਨੂੰ ਖੁੱਲ ਏ ਜਿੰਦੜੀ ਯਾਰ ਲਿਤਾੜੀ ਰੱਖ

ਮੈਥੋਂ ਤੇਰੇ ਨਾਲ਼ ਬੁਲਾਰੇ ਹੋਣੇ ਨਹੀਂ

ਪਾਣੀ , ਅੱਗ , ਹਵਾ ਤੇ ਮਿੱਟੀ ਅਮਜਦ ਜੀ

ਵੇਲ਼ਾ ਲੰਘ ਗਿਆ ਤੇ ਚਾਰੇ ਹੋਣੇ ਨਹੀਂ

0

ਪੀੜ ਵੀ ਲੋਕੀ ਸਹਿਣ ਨਹੀਂ ਦੇਂਦੇ
ਦਿਲ ਦੀਆਂ ਗੱਲਾਂ ਕਹਿਣ ਨਹੀਂ ਦੇਂਦੇ

ਜਿਹਨਾਂ ਤੋੜ ਦੀ ਨੀਤੀ ਹੋਵੇ
ਹਿੰਝ ਅੱਖਾਂ ਚੋਂ ਢਹਿਣ ਨਹੀਂ ਦੇਂਦੇ

ਜਿਹੜੇ ਦਿਲ ਵਿਚ ਯਾਰ ਵਸਾਂਦੇ
ਹੋਰ ਕਿਸੇ ਨੂੰ ਰਹਿਣ ਨਹੀਂ ਦੇਂਦੇ

ਵਖ਼ਤਾਂ ਨਾਲ਼ ਏ ਜੋਗ ਕਮਾਈ
ਜੋਗੀ ਨੇੜੇ ਬਹਿਣ ਨਹੀਂ ਦੇਂਦੇ

ਆਪੇ ਕਰਦੇ ਛਾਲੇ ਰਾਖੀ
ਸੂਲ ਤਲ਼ੀ ਵਿਚ ਵਹਿਣ ਨਹੀਂ ਦੇਂਦੇ

ਪੈ ਜਾਵਣ ਜੇ ਖੋਰ ਵਿਛੋੜੇ
ਰੱਤ ਪਿੰਡੇ ਵਿਚ ਰਹਿਣ ਨਹੀਂ ਦੇਂਦੇ

ਟੰਗੇ ਰਹਿੰਦੇ ਅਮਜਦ ਸੂਲੀ
ਹੱਕ ਦਿਲੇ ਤੋਂ ਲਹਿਣ ਨਹੀਂ ਦੇਂਦੇ

0

ਕਦੀ ਕਦੀ ਤੇ ਉਂਜ ਵੀ ਕਰਨਾ ਪੈਂਦਾ ਏ
ਬੱਧੇ ਹੱਥਾਂ ਨਾਲ਼ ਵੀ ਤਰਨਾ ਪੈਂਦਾ ਏ

ਸਾਡੀ ਜੂਹ ਵਿਚ ਜੀਣਾ ਕਿਹੜਾ ਸੌਖਾ ਏ
ਜੀਵਣ ਦੇ ਲਈ ਏਥੇ ਮਰਨਾ ਪੈਂਦਾ ਏ

ਪਿਆਰ ਦੀ ਖੇਡ ਏ , ਇਹ ਕੋਈ ਬਾਰਾਂ ਟਹਿਣੀ ਨਹੀਂ
ਇਸ ਵਿਚ ਦਿਲ ਨਹੀਂ , ਸਾਹ ਵੀ ਹਰਨਾ ਪੈਂਦਾ ਏ

ਕਦੀ ਤੇ ਡਰ ਨਹੀਂ ਲਗਦਾ ਸਾਰੀ ਦੁਨੀਆ ਤੋਂ
ਕਦੀ ਤੇ ਆਪਣੇ ਆਪ ਤੋਂ ਡਰਨਾ ਪੈਂਦਾ ਏ

ਕੋਈ ਵੀ ਏਥੇ ਅਮਜਦ ਦਰਦ ਵੰਡਾਂਦਾ ਨਹੀਂ
ਖ਼ਾਲੀ ਭਾਂਡਾ ਆਪ ਨੂੰ ਭਰਨਾ ਪੈਂਦਾ ਏ

0

ਜਿਹੜੇ ਇਸ਼ਕ ਦੇ ਪਾਸੇ ਜਾਂਦੇ
ਤੋਲੇ ਤੋਂ ਬਣ ਮਾਸੇ ਜਾਂਦੇ

ਹਿਜਰ ਦੇ ਵਾਵਰੋਲੇ ਅੰਦਰ
ਹਾਸੇ ਬੰਨ੍ਹ ਵਿਨਾਸੇ ਜਾਂਦੇ

ਅੱਜ ਤੇ ਦਰਦ ਨੇਂ ਏਨੇ ਭੁੱਖੇ
ਖਾਧੀ ਯਾਰ ਦਿਲਾਸੇ ਜਾਂਦੇ

ਅੱਖੀਂ ਕਦੀ ਨਹੀਂ ਹੱਟਦੇ ਵੇਖੇ
ਜਿਹੜੇ ਯਾਰ ਦੇ ਪਾਸੇ ਜਾਂਦੇ

ਜਦ ਉਹ ਵੇਖੇ ਹੱਸ ਕੇ ਅਮਜਦ
ਖਿਲਰ ਖੰਡ ਪਤਾਸੇ ਜਾਂਦੇ

0

ਕਦ ਤਾਈਂ ਰਹਿਣਾ ਹਾਲ ਫ਼ਕੀਰਾਂ
ਹੱਥ ਦੀਆਂ ਮਿਟਦੀਆਂ ਜਾਣ ਲਕੀਰਾਂ

ਮਰ ਖੱਪ ਗਏ ਨੇਂ ਲਿਖਣ ਵਾਲੇ
ਕਿਹੜੇ ਕੰਮ ਦੀਆਂ ਇਹ ਤਹਿਰੀਰਾਂ

ਅੰਦਰ ਜਦ ਵੀ ਝਾਤੀ ਪਾਵਾਂ
ਗਿਣਤੀ ਹੋਵਾਂ ਵਿਚ ਹਕੀਰਾਂ

ਅੱਜ ਕੱਲ੍ਹ ਪਿਆਰ ਵੀ ਮਤਲਬ ਦਾ ਏ
ਨਾ ਉਹ ਰਾਂਝੇ ਨਾ ਉਹ ਹੀਰਾਂ

ਇਸ਼ਕ ਦੀ ਰਾਹ ਤੇ ਪੈਰ ਨੀਂ ਸੜਦੇ
ਭਾਵੇਂ ਹੋਵਣ ਜੰਡ ਕਰੀਰਾਂ

ਵੈਰੀ ਵੱਲੇ ਕੰਡ ਨਾ ਕੀਤੀ
ਸੀਨਾ ਵਿੰਨ੍ਹਿਆ ਭਾਵੇਂ ਤੀਰਾਂ

ਅੱਜ ਫ਼ਿਰ ਖੁੱਲੀ ਅੱਖ ਤੇ ਅਮਜਦ
ਸੁਫ਼ਨੇ ਹੈ ਸਨ ਲੀਰੋ ਲੀਰਾਂ

0

ਕਿੰਜ ਦੀ ਪੌੜੀ ਚੜ੍ਹਦੇ ਪਏ ਨੇਂ
ਸਾਹ ਸਾਹਵਾਂ ਨਾਲ਼ ਲੜਦੇ ਪਏ ਨੇਂ

ਝੱਲੇ ਲੋਕੀ ਫਾਥੀਆਂ ਛੱਡ ਕੇ
ਉੱਡਦੀਆਂ ਹੋਈਆਂ ਫੜਦੇ ਪਏ ਨੇਂ

ਕਿੰਝ ਦੀ ਅੱਤ ਹਨੇਰੀ ਘੁੱਲੀ
ਕੱਚੇ ਫੱਲ ਈ ਝੜਦੇ ਪਏ ਨੇਂ

ਖ਼ਾਬ ਇਚ ਕਿਹੜਾ ਪੈਂਡਾ ਕੀਤਾ
ਪੈਰ ਅਜੇ ਤੱਕ ਸੜਦੇ ਪਏ ਨੇਂ

ਜਾਗ ਉਨ੍ਹਾਂ ਨੂੰ ਲੱਗਣੀ ਸੱਜਣਾ!
ਜਿਹੜੇ ਅੱਖ ਵਿਚ ਕੜ੍ਹਦੇ ਪਏ ਨੇਂ

ਸਾਹ ਦੀ ਉੱਖਲੀ ਪਾ ਕੇ ਅਮਜਦ
ਦੁੱਖ ਹਯਾਤੀ ਛੱੜਦੇ ਪਏ ਨੇਂ

0

ਇੰਝ ਨਹੀਂ ਲਹਿਣੇ ਮੇਰੇ ਚਾਅ
ਕਦੀ ਤੇ ਮੈਨੂੰ ਸ਼ਕਲ ਵਿਖਾ

ਜ਼ਰਬਾਂ ਉੱਤੇ ਜ਼ਰਬਾਂ ਲਾ
ਸਾਹ ਨੂੰ ਸਾਹਵਾਂ ਨਾਲ਼ ਮਿਲਾ

ਭਰਦੇ ਜਾਵਣ ਆਸ ਮਹਿਲ
ਰੋਜ਼ ਨਵੀਂ ਇੱਕ ਲੱਗੇ ਢਾਅ

ਮੈਂ ਵਰਗੇ ਬੇ-ਰੰਗੇ ਤੇ
ਸਾਈਆਂ ਅਪਣਾ ਰੰਗ ਚੜ੍ਹਾ

ਬੁੱਤਾਂ ਦੀ ਇਸ ਦੁਨੀਆ ਵਿਚ
ਬੰਦਾ , ਬੰਦਾ , ਆਪ ਖ਼ੁਦਾ

ਕੁਝ ਤੇ ਉਹਦੇ ਉੱਤੇ ਸੱਟ
ਬਣਦਾ ਫਿਰ ਨਾ ਖ਼ੁਦ ਖ਼ੁਦਾ

ਥਾਂ ਥਾਂ ਵੇਖੇ ਅੱਖ ਅਮਜਦ
ਹੰਝੂ ਵਿਕਦੇ ਕੌਡੀਓਂ ਭਾਅ

0

ਪਿਆਰ ਦਾ ਪੈਂਡਾ ਮਿਣਦੇ ਪਏ ਆਂ
ਦਿਨ ਵਿਚ ਤਾਰੇ ਗਿਣਦੇ ਪਏ ਆਂ

ਆਪੇ ਹਿਜਰ ਕੁੰਨੀ ਚਾੜ੍ਹੀ
ਆਪੇ ਦੁੱਖੜੇ ਰਿਨ੍ਹਦੇ ਪਏ ਆਂ

ਵੇਖੋ ਦਿਲ ਦਾ ਕੀ ਬਣਦਾ ਏ
ਹੱਕ ਹੱਕ ਚਾਅ ਨੂੰ ਵਿਣਦੇ ਪਏ ਆਂ

ਅੱਖਾਂ ਦੇ ਕਸ਼ਕੋਲ ਨੂੰ ਲੈ ਕੇ
ਯਾਰ ਦੇ ਪਿੰਡ ਇਚ ਪਿੰਨਦੇ ਪਏ ਆਂ

ਚੁੱਪ ਦੀ ਨੁੱਕਰੇ ਬਹਿ ਕੇ ਅਮਜਦ
ਜੱਗ ਦੇ ਤਾਅਨੇ ਗਿਣਦੇ ਪਏ ਆਂ

0

ਜਦ ਵੀ ਪਿਆਰ ਦੀ ਪੀਂਘ ਝੁਟਾਈ
ਸਾਰੀ ਦੁਨੀਆ ਨਾਲ਼ ਵੰਞਾਈ

ਦਿਲ ਸੀ ਢਾਈਂ ਮਾਰ ਕੇ ਰੋਂਦਾ
ਅੱਖਾਂ ਹੱਸ ਹੱਸ ਤੋੜ ਨਿਭਾਈ

ਨਿਕਲਿਆ ਪਰਬਤ ਨਾਲੋਂ ਉੱਚਾ
ਜਿਹੜਾ ਵੇਖਣ ਵਿਚ ਹਾ ਰਾਈ

ਵੈਰੀ ਲੱਖ ਪਏ ਵੈਰੀ ਬਣਦੇ
ਤੇਰੇ ਮੂੰਹ ਤੇ ਜੁੜਦੀ ਨਾਹੀ

ਸੰਗਤ ਡਾਵਾਂ ਡੋਲ ਏ ਅਮਜਦ
ਜਿਹੜੀ ਵਖ਼ਤਾਂ ਨਾਲ਼ ਬਚਾਈ

0

ਲੱਖੋਂ ਹੁੰਦੇ ਕੱਖ ਵੇਖੇ ਨੇਂ

ਜਿਹੜੇ ਯਾਰ ਤੂੰ ਵੱਖ ਵੇਖੇ ਨੇਂ

ਫੱਟ ਅਜੇ ਤਾਈਂ ਘੁੱਲਿਆ ਨਹੀਂ ਏ

ਲੱਖਾਂ ਫੰਬੇ ਰੱਖ ਵੇਖੇ ਨੇਂ

ਤੇਰੇ ਬੋਲ ਨੇਂ ਕੁੱਲ ਤੋਂ ਮਿਠੇ

ਮਾਖੀ ਤਾਈਂ ਵੀ ਚੱਖ ਵੇਖੇ ਨੇਂ

ਉਹ ਮੰਜ਼ਰ ਨਹੀਂ ਦੱਸਣ ਵਾਲੇ

ਜਿਹੜੇ ਡੁੱਬਦੀ ਅੱਖ ਵੇਖੇ ਨੇਂ

ਅਮਜਦ ਏਸ ਹਯਾਤੀ ਦੇ ਮੈਂ

ਕਿੰਨੇ ਸਾਰੇ ਪੱਖ ਵੇਖੇ ਨੇਂ

0

ਜਦ ਜਦ ਕੱਲਿਆਂ ਹੁੰਦੇ ਰਹੇ ਆਂ
ਨੁੱਕਰੇ ਬਹਿ ਬਹਿ ਰੋਂਦੇ ਰਹੇ ਆਂ

ਵੇਲੇ ਸਾਹਵੇਂ ਹਾਰ ਨਹੀਂ ਮੰਨੀ
ਸੀਨਾ ਤਾਣ ਖਲੋਂਦੇ ਰਹੇ ਆਂ

ਸਾਹ ਦੀ ਏਸ ਪੰਜਾਲ਼ੀ ਅੰਦਰ
ਤੰਨ ਦਾ ਢੱਗਾ ਜੋਂਦੇ ਰਹੇ ਆਂ

ਲੇਖਾਂ ਨੇਂ ਜਦ ਕੰਡ ਸੀ ਕੀਤੀ
ਭੌਂਦੇ ਵੀ ਅਣ-ਭੌਂਦੇ ਰਹੇ ਆਂ

ਅਮਜਦ ਜਿਹੜੇ ਵਾਜਬ ਨਹੀਂ ਸਨ
ਉਹ ਵੀ ਲਾਹਣੇ ਲੋਹੰਦੇ ਰਹੇ ਆਂ

0

ਯਾਦ ਪੁਰਾਣੀ ਆਉਂਦੀ ਪਈ ਏ
ਸੋਚਾਂ ਦੀ ਛੱਤ ਚੋਂਦੀ ਪਈ ਏ

ਲੱਗਦਾ ਏ ਕੁਝ ਹੋ ਕੇ ਰਹਿਣਾ
ਵੇਲੇ ਦੀ ਅੱਖ ਰੋਂਦੀ ਪਈ ਏ

ਭਾਵੇਂ ਜਿਭ ਏ ਚੁੱਪ ਚੁਪੀਤੀ
ਜਿੰਦ ਤੇ ਸ਼ੋਰ ਮਚੋਂਦੀ ਪਈ ਏ

ਬੀਜਾਂ ਫੁੱਲ ਤੇ ਕੰਡੇ ਉੱਗਣ
ਨਾਲ਼ ਮੇਰੇ ਕੀ ਹੁੰਦੀ ਪਈ ਏ

ਲਗਦਾ ਏ ਅੱਜ ਜਾਗਣਾ ਪੋਸੀ
ਸੋਚ ਜਿਹੜੀ ਮੁੜ ਆਉਂਦੀ ਪਈ ਏ

ਆਸ ਅਮਜਦ ਦੀ ਖੋਜੀ ਬਣਕੇ
ਖੁਰੇ ਨੂੰ ਆਪ ਖੜੋਂਦੀ ਪਈ ਏ

0

ਮਿਟੱਹੇ ਬੋਲ ਜੋ ਬੋਲਦੇ ਰਹਿ ਗਏ
ਖੰਡ ਤੁੰਮੇ ਵਿਚ ਘੋਲਦੇ ਰਹਿ ਗਏ

ਬਾਹਰ ਗੱਲੀ ਵਿਚ ਕੋਈ ਵੀ ਨਹੀਂ ਸੀ
ਬੂਹਾ ਫ਼ਿਰ ਕਿਉਂ ਖੋਲਦੇ ਰਹਿ ਗਏ

ਤਾਈਓਂ ਤੇ ਨਹੀਂ ਪਾਸੇ ਲੱਗੇ
ਅਪਣਾ ਆਪ ਟਟੋਲਦੇ ਰਹਿ ਗਏ

ਅੰਦਰ ਝਾਤੀ ਮਾਰ ਨਹੀਂ ਸਕੇ
ਐਵੇਂ ਮੁਲਖ ਫਰੋਲਦੇ ਰਹਿ ਗਏ

ਨਜ਼ਰ ਸਵੱਲੀ ਭੁੱਲ ਕੇ ਅਮਜਦ
ਯਾਰ ਨਮਾਜ਼ਾਂ ਤੋਲਦੇ ਰਹਿ ਗਏ

0

ਕੱਖ ਨਹੀਂ ਛੱਡਿਆ ਯਾਰ ਜੱਫ਼ਾਵਾਂ ਨੇਂ

ਚੰਗਾ ਘੱਤਿਆ ਮੁਲ ਵਫ਼ਾਵਾਂ ਨੇਂ

ਨਾਲ਼ ਇਕਲਾਪੇ ਰੋਜ਼ ਪਈ ਨਿਭਦੀ ਏ

ਸਾਨੂੰ ਇਹੋ ਰਾਸ ਫ਼ਿਜ਼ਾਵਾਂ ਨੇਂ

ਭੋਈਂ ਦੇ ਰਹੇ ਆਂ ਨਾ ਅੰਬਰ ਦੇ

ਗਈਆਂ ਛਿੱਕੀਆਂ ਇੰਝ ਤਨਾਵਾਂ ਨੇਂ

ਗ਼ਰਜ਼ਾਂ ਮਾਰੇ ਏਸ ਬਾਜ਼ਾਰ ਅੰਦਰ

ਨੱਚ ਪਈਆਂ ਅੱਜ ਫ਼ਿਰ ਅਨਾਵਾਂ ਨੇਂ

ਸੱਜਣਾਂ ਦੋਸ਼ ਕਿਸੇ ਨੂੰ ਦੇਣਾ ਕੀ

ਆਪ ਤੋਂ ਹੋਈਆਂ ਖ਼ਤਾਵਾਂ ਨੇਂ

ਅਮਜਦ ਕੋਈ ਜਾਣੂ ਬਣਿਆ ਨਹੀਂ

ਜਦ ਵੀ ਘੁੱਲੀਆਂ ਤੱਤੀਆਂ ਵਾਵਾਂ ਨੇਂ

0

ਕੱਧਾਂ ਵਿਚ ਪਈ ਵਜਾਂ ਮੈਂ
ਜਿਹੜੇ ਪਾਸੇ ਭੱਝਾਂ ਮੈਂ

ਮੇਰੇ ਪੱਲੇ ਕੱਖ ਵੀ ਨਹੀਂ
ਕਿਹੜੀ ਗੱਲ ਤੇ ਗੱਜਾਂ ਮੈਂ

ਕੋਹੜੀ ਨੂੰ ਗੱਲ ਲਾਵੇ ਕੌਣ
ਕਿਸੇ ਦੇ ਨਾਲ਼ ਨਾ ਸੱਜਾਂ ਮੈਂ

ਰੱਖੇ ਤੇਰੇ ਦਰਦ ਲੁਕਾ
ਝੱਟ ਝੱਟ ਵੇਖਾਂ , ਕੱਜਾਂ ਮੈਂ

ਟੁਰ ਗਿਆ ਪਾਰ ਜਦੋਂ ਦਾ ਤੂੰ
ਕਰਨੀਆਂ ਕਿਹੜੀਆਂ ਹੱਜਾਂ ਮੈਂ

ਦਿਲ ਕਰਦਾ ਏ ਅੱਜ ਅਮਜਦ
ਸੱਜਣ ਵੇਖ ਕੇ ਰੱਜਾਂ ਮੈਂ

0

ਕੋਈ ਤੇ ਆ ਤਾਰ ਹਿਲਾਵੇ
ਸੁਰ ਦੇ ਨਾਲ਼ ਅੱਜ ਤਾਲ ਮਿਲਾਵੇ

ਰੱਬੋਂ ਜਿਹੜੇ ਨਿਖੜ ਗਏ ਨੇਂ
ਹੈ ਕੋਈ ਜਿਹੜਾ ਆਣ ਮਿਲਾਵੇ

ਸਾਰੇ ਭਾਂਬੜ ਬੁਝ ਜਾਂਦੇ ਨੇਂ
ਹਿਜਰ ਦੇ ਮੱਚ ਨੂੰ ਕੌਣ ਬੁਝਾਵੇ

ਦਿਲ ਅੱੜੀ ਅੱਜ ਕਰ ਬੈਠਾ ਏ
ਆ ਕੇ ਢੋਲਣ ਆਪ ਮਨਾਵੇ

ਸੁਫ਼ਨੇ ਵੇਖੇ ਅੱਖ ਕਿਸੇ ਦੇ
ਕੋਈ ਦਿਲ ਦੀ ਸੇਜ ਸਜਾਵੇ

ਲੱਭਿਆਂ ਵੀ ਕੋਈ ਲੱਭਦਾ ਨਹੀਂ ਏ
ਗੱਢ ਨੂੰ ਜਿਹੜਾ ਹੱਥ ਪਵਾਵੇ

ਜੀਂਦਿਆਂ ਜੇ ਕਰ ਵੈਰ ਨਹੀਂ ਮੁਕਣੇ
ਮੋਈਆਂ ਤੇ ਕੋਈ ਵੈਣ ਨਾ ਪਾਵੇ

ਸੁਫ਼ਨੇ ਵੇਖੇ ਅੱਖ ਕਿਸੇ ਦੇ

ਅਮਜਦ ਬੈਠਾ ਸੇਜ ਸਜਾਵੇ

0

ਜਦ ਵੀ ਬੰਦਾ ਆਪ ਤੋਂ ਹਰਦਾ

ਸ਼ਾਮ ਸਵੇਰੇ ਘੁੱਟ ਘੁੱਟ ਮਰਦਾ

ਮੀਟੀ ਹੋਈ ਮੁੱਠ ਨਾ ਖੁੱਲੇ

ਐਸੇ ਗੱਲ ਤੋਂ ਰਹਿਨਾਂ ਡਰਦਾ

ਪਿਆਰ ਤੇ ਕੋਈ ਹਰਫ਼ ਨਾ ਆਵੇ

ਭਾਰ ਜਿਗਰ ਤੇ ਢਿਗ ਹਾਂ ਜਰਦਾ

ਪੈਰੀਂ ਘੁੰਗਰੂ ਇਸ਼ਕ ਬੰਨ੍ਹਾਏ

ਅੱਗੇ ਵੇਖੋ ਹੁਣ ਕੀ ਕਰਦਾ

ਅੱਖ ਦੇ ਹੜ੍ਹ ਵਿਚ ਲੁੜ੍ਹਕੇ ਅਮਜਦ

ਰੋਜ਼ ਈ ਡੁੱਬਦਾ ਰੋਜ਼ ਈ ਤੱਰਦਾ

0

ਜੱਗ ਦੇ ਕੋਲੋਂ ਹਰਦੇ ਪਏ ਆਂ

ਆਈ ਬਾਝੋਂ ਮਰਦੇ ਪਏ ਆਂ

ਹੱਸ ਹੱਸ ਕੇ ਸੀ ਜੀਵੇਂ ਲਾਈ

ਉਂਜੇ ਹੱਸ ਹੱਸ ਜੱਰਦੇ ਪਏ ਆਂ

ਵੇਖ ਕੇ ਮੁੱਖੜਾ ਚੰਨ ਮਾਹੀ ਦਾ

ਸ਼ੁਕਰ ਘੜੋਲੀ ਭੱਰਦੇ ਪਏ ਆਂ

ਇਹ ਡਰ ਸਾਨੂੰ ਮਾਰ  ਨਾ ਦੇਵੇ

ਡਰਨ ਤੋਂ ਪਹਿਲਾਂ ਡਰਦੇ ਪਏ ਆਂ

ਢਿੱਡ ਦੀ ਅੱਗ ਬੁਝਾਵਣ ਦੇ ਲਈ

ਖੇਖਣ ਕੀ ਕੀ ਕਰਦੇ ਪਏ ਆਂ

ਇਸ਼ਕ ਸਮੁੰਦਰ ਦੇ ਵਿਚ ਅਮਜਦ

ਨਾ ਡੁੱਬਦੇ ਨਾ ਤਰਦੇ ਪਏ ਆਂ

0

ਸ਼ਾਮ ਦੇ ਵੇਲੇ ਲੁੱਟਣ ਲੱਗ ਪਏ
ਸੱਜਣ ਕਿਉਂ ਨਿੱਤ ਖੁੱਟਣ ਲੱਗ ਪਏ

ਖੂਹਾਂ ਵਾਂਗ ਸੀ ਅੰਦਰ ਜਿਹੜੇ
ਬਾਹਰ ਜਿਗਰ ਨੂੰ ਸੁੱਟਣ ਲੱਗ ਪਏ

ਲੂੰ ਲੂੰ ਜ਼ਖ਼ਮੀ ਕਰਦੇ ਪਏ ਨੇਂ
ਅੱਖਰ ਕਿੰਜ ਦੇ ਫੁੱਟਣ ਲੱਗ ਪਏ

ਮਾਣ ਵੀ ਜਿਸ ਤੇ ਮਾਣ ਸੀ ਕਰਦੇ
ਮਾਣ ਉਹ ਸਾਰੇ ਟੁੱਟਣ ਲੱਗ ਪਏ

ਠੋਕ ਕੇ ਵਿਚ ਮਦਾਨੇ ਕਿੱਲਾ
ਬੇਲੀ ਵੱਧ ਵੱਧ ਚੁੱਟਣ ਲੱਗ ਪਏ

ਨਫ਼ਰਤ ਦੇ ਪਏ ਬੀਜ ਨੇਂ ਬੋਂਦੇ
ਪਿਆਰ ਨੂੰ ਜੜ੍ਹ ਤੋਂ ਪੁੱਟਣ ਲੱਗ ਪਏ

ਤੰਨ ਦੀ ਚਾਰ ਦੀਵਾਰੀ ਅੰਦਰ
ਸਾਹ ਸੱਧਰਾਂ ਦੇ ਘੁੱਟਣ ਲੱਗ ਪਏ

ਕੱਢ ਕੇ ਬਾਂਹ ਫੜੇ ਸਨ ਜਿਹੜੇ

ਹੱਥ ਉਹ ਅਮਜਦ ਛੁੱਟਣ ਲੱਗ ਪਏ

0

ਦਾਣਿਆਂ ਵਾਂਗੂੰ ਸਾਹ ਪਿਆ ਚੱਬਾਂ

ਕਿਥੋਂ ਆਪਣੇ ਆਪ ਨੂੰ ਲੱਭਾਂ

ਗੱਲ ਮੁੱਕਣੀ ਏ ਅਮਲਾਂ ਉੱਤੇ

ਬਾਹਰੋਂ ਭਾਵੇਂ ਲੱਖ ਪਿਆ ਫੱਬਾਂ

ਦਿਲ ਤੇ ਮੁੱੜ ਮੁੱੜ ਡੱਕਦਾ ਏ ਪਰ

ਕਿੰਝ ਮੈਂ ਅੱਖ ਦੀਆਂ ਗੱਲਾਂ ਦੱਬਾਂ

ਜਦ ਵੀ ਆਪਣੀ ਵਾਰੀ ਆਈ

ਚਾਇਆ ਭਾਰ ਨਾ ਮੇਰੇ ਪੱਬਾਂ

ਅਮਜਦ ਓਨੇ ਚਿਰ ਤੱਕ ਉੱਡਸਾਂ

ਜਦ ਤੱਕ ਰਾਹਣਾ ਮੇਰਿਅਂ ਖੱਬਾਂ

0

ਆਪਣੇ ਆਪ ਦਾ ਮੁੱਲ ਕਰ ਬੈਠਾਂ

ਕੇਡੀ ਵੱਡੀ ਭੁੱਲ ਕਰ ਬੈਠਾਂ।

ਤੇਰੇ ਆਣ ਦਾ ਚਾਅ ਸੀ ਐਨਾ

ਕੰਡਿਆਂ ਨੂੰ ਵੀ ਫੁੱਲ ਕਰ ਬੈਠਾਂ

ਹੁਣ ਤੂੰ ਯਾਰ ਅਫ਼ਸੋਸ ਤੋਂ ਆਇਆ ਏਂ

ਜਦ ਮੈਂ ਪਿਆਰ ਦੇ ਕੁੱਲ ਕਰ ਬੈਠਾਂ

ਚੰਨ ਦੇ ਨਾਲ਼ ਵੀ ਗੱਲ ਨਾ ਹੋਈ

ਰਾਤ ਵੀ ਐਵੇਂ ਗੁੱਲ ਕਰ ਬੈਠਾਂ

ਭੁੱਲ ਭੁਲੇਖੇ ਮੈਂ ਤਾਂ ਅਮਜਦ

ਇਸ਼ਕ ਦੀ ਰੱਤੀ ਡੁੱਲ ਕਰ ਬੈਠਾਂ

0

ਅਪਣਾ ਆਪ ਹਰਾਂਦੇ ਰਹੇ ਆਂ
ਤੈਨੂੰ ਯਾਰ ਪੁਗਾਂਦੇ ਰਹੇ ਆਂ

ਤੇਰੀ ਸੂਰਤ ਸਾਹਵੇਂ ਰੱਖ ਕੇ
ਮਨ ਅਪਣਾ ਪਰਚਾਂਦੇ ਰਹੇ ਆਂ

ਯਾਰਾਂ ਸੁੱਟਿਆ ਤੇ ਸੁਰ ਲੱਗੀ
ਖੰਡ ਤੋਂ ਲੂਣ ਵਟਾਂਦੇ ਰਹੇ ਆਂ

ਹਿੱਕ ਵੀ ਹਾਸਾ ਕੋਲ਼ ਨਹੀਂ ਰੱਖਿਆ
ਲੋਕਾਂ ਨੂੰ ਵਰਤਾਂਦੇ ਰਹੇ ਆਂ

ਦਿਲ ਦੀ ਫੱਟੀ ਪੂਰਨੇ ਪਾ ਕੇ
ਹੰਝੂਵਾਂ ਨਾਲ਼ ਮਿਟਾਂਦੇ ਰਹੇ ਆਂ

ਜੁੱਸੇ ਦੇ ਮੇਲੇ ਵਿੱਚ ਅਮਜਦ
ਦਿਲ ਦਾ ਬਾਲ ਖਿਡਾਂਦੇ ਰਹੇ ਆਂ

0

ਛਾਲੇ ਬਨ੍ਹ ਕੇ ਤੱਲੀਆਂ ਨੇਂ ਅੱਜ
ਟੁਰੀਆਂ ਫ਼ਿਰ ਇਕੱਲਿਆਂ ਨੇਂ ਅੱਜ

ਐਸ ਉਡੀਕ ਇਚ ਵਗਦੀਆਂ ਲੋਵਾਂ
ਔਖਿਆਂ ਦਿਲ ਤੇ ਝੱਲੀਆਂ ਨੇਂ ਅੱਜ

ਕਿਹੜੀ ਹੋਈ ਅਣਹੋਣੀ ਥੇਂਹ ਵਿਚ
ਚਾਰੇ ਚੰਡਾਂ ਹੱਲਿਆਂ ਨੇਂ ਅੱਜ

ਕਾਂ ਨੇਂ ਫੇਰ ਬਨੇਰੇ ਬਹਿਕੇ
ਦਿਤੀਆਂ ਢੇਰ ਤਸੱਲੀਆਂ ਨੇਂ ਅੱਜ

ਚਾਵਾਂ ਆਸ ਦੀ ਢਾਕੇ ਚੜ੍ਹਕੇ
ਫਾਤੀਆਂ ਫੇਰ ਕੁਲੱਲੀਆਂ ਨੇਂ ਅੱਜ

ਇਹਨਾਂ ਦੀ ਕੋਈ ਮੰਜ਼ਿਲ ਨਹੀਂ ਏ
ਜਿਹੜੀਆਂ ਰਾਹਵਾਂ ਮੱਲੀਆਂ ਨੇਂ ਅੱਜ

ਅੱਖੀਂ ਸੁਫ਼ਨੇ ਬਨ੍ਹ ਕੇ ਅਮਜਦ
ਕਿਹੜੀ ਲਾਮ ਨੂੰ ਚੱਲੀਆਂ ਨੇਂ ਅੱਜ

0

ਭੈੜੀ ਰਾਹ ਵੀ ਚੰਗੀ ਹੋਵੇ
ਚੰਗਾ ਨਾਲ਼ ਜੇ ਸੰਗੀ ਹੋਵੇ

ਰਾਤ ਦੇ ਦੁੱਖ ਵੀ ਉਹੋ ਜਾਣੇ
ਜੇਹੰਦੀ ਜਾਗ ਕੇ ਲੰਘੀ ਹੋਵੇ

ਚੱਸ ਉਡੀਕ, ਦੀ ਤਾਂ ਆਉਂਦੀ ਏ
ਅੱਖ ਬੂਹੇ ਤੇ ਟੰਗੀ ਹੋਵੇ

ਵੇਹੜਾ ਕਦੀ ਵੀ ਤੰਗ ਨਹੀਂ ਹੁੰਦਾ
ਦਿਲ ਵਿਚ ਜੇ ਨਾ ਤੰਗੀ ਹੋਵੇ

ਰੂਹ ਦੀ ਚੁੰਨੀ ਫਿਟਦੀ ਨਾਹੀਂ
ਜੇ ਕਰ ਸਾਈਆਂ ਰੰਗੀ ਹੋਵੇ

ਅਮਜਦ ਸ਼ਾਲਾ ਵੈਰੀ ਦੀ ਵੀ
ਕੰਡ ਕਦੀ ਨਾ ਨੰਗੀ ਹੋਵੇ

0

ਜੋ ਵੀ ਆਪ ਤੇ ਜਰ ਜਾਂਦੇ ਨੇਂ

ਓਹੇ ਅੰਦਰੋਂ ਮਰ ਜਾਂਦੇ ਨੇਂ

ਕੱਖਾਂ ਕੱਖ ਜੇ ਰਖੇ ਹੋਵਣ

ਡੁੱਬਦੇ ਡੁੱਬਦੇ ਤੱਰ ਜਾਂਦੇ ਨੇਂ

ਤੇਰੀ ਯਾਦ ਦੇ ਹੜ੍ਹ ਜਦ ਆਵਣ

ਅੱਖ ਦੇ ਟੋਏ ਭਰ ਜਾਂਦੇ ਨੇਂ

ਹਿਜਰ ਦੀ ਤੱਤੀ ਰਾਹ ਦੇ ਉੱਤੇ

ਓੜਕ ਜੁੱਸੇ ਠਰ ਜਾਂਦੇ ਨੇਂ

ਅੱਖ ਦੇ ਵਿਹੜੇ ਮਾਤਮ ਹੁੰਦਾ

''ਸ਼ਾਮ'' ਨੂੰ ਜਦ ,ਬੇ-ਘਰ ਜਾਂਦੇ ਨੇਂ

ਦਿਲ ਕੀ ਸਿਰ ਵੀ ਅਮਜਦ ਵਰਗੇ

ਇਸ਼ਕ ਦੀ ਚੌਖਟ ਧੱਰ ਜਾਂਦੇ ਨੇਂ

0

ਜੱਗ ਦੇ ਤਾਅਨੇ ਜੀਣ ਨਹੀਂ ਦੇਂਦੇ
ਪਾਟਾ ਗਲਮਾ ਸੀਣ ਨਹੀਂ ਦੇਂਦੇ

ਰਾਜ਼ ਇਹ ਕਿਧਰੇ ਖੋਲ ਨਾ ਦੇਵਣ
ਕੰਮ ਜ਼ਰਫ਼ਾਂ ਨੂੰ ਪੀਣ ਨਹੀਂ ਦੇਂਦੇ

ਇੱਕ ਤਾਂ ਉਨ੍ਹਾਂ ਰੋਜ਼ੀ ਡੱਕੀ
ਉੱਤੋਂ ਹੋਰ ਵੀ ਢੀਣ ਨਹੀਂ ਦੇਂਦੇ

ਇੰਝ ਦੇ ਸੱਜਣ ਮੱਥੇ ਲੱਗੇ
ਫੁੱਟ ਜਿਗਰ ਦਾ ਸੀਣ ਨਹੀਂ ਦੇਂਦੇ

ਛੇੜੂ ਚੰਗੇ ਹੋਣ ਜੇ ਅਮਜਦ
ਲਗਦੀਆਂ ਵੱਸ ਖੜੀਨ ਨਹੀਂ ਦੇਂਦੇ

0

ਕੁਝ ਵੀ ਹੋਵੇ ਇੰਜ ਤੇ ਯਾਰਾ ਨਹੀਂ ਹੁੰਦਾ
ਸਾਥੋਂ ਉਹੰਦੇ ਨਾਲ਼ ਬੁਲਾਰਾ ਨਹੀਂ ਹੁੰਦਾ

ਜਿਹੜਾ ਨੱਗ ਨੂੰ ਆਪਣੀ ਥਾਂ ਨਹੀਂ ਲਾ ਸਕਦਾ
ਜੱਦੀ ਪੁਸ਼ਤੀ ਉਹ ਸੁਨਿਆਰਾ ਨਹੀਂ ਹੁੰਦਾ

ਇਹ ਤੇ ਚੰਨ ਭਰਵਾਸੇ ਨਾਲ਼ ਉਸਰਦਾ ਏ
ਪਿਆਰ ਦੇ ਘਰ ਲਈ ਇੱਟਾਂ ਗਾਰਾ ਨਹੀਂ ਹੁੰਦਾ

ਜਿੱਧਰ ਜਾਵੇ ਇਹ ਤੇ ਮੌਜ ਏ ਹੰਜੂਵਾਂ ਦੀ
ਅੱਖ ਦੇ ਖਾਲ਼ ਤੇ ਪਾਣੀ ਵਾਰਾ ਨਹੀਂ ਹੁੰਦਾ

ਕੰਮ ਦਾ ਹੋਵੇ ਇੱਕ ਈ ਸੱਜਣ ਬਹੁਤਾ ਏ
ਅਮਜਦ ਮੈਥੋਂ ਢੇਰ ਖਿਲਾਰਾ ਨਹੀਂ ਹੁੰਦਾ

0

ਐਵੇਂ ਤੇ ਨਹੀਂ ਝੁੱਕ ਜਾਂਦਾ ਏ
ਬੰਦਾ ਅੰਦਰੋਂ ਮੁੱਕ ਜਾਂਦਾ ਏ

ਜਦ ਸਾਹਵਾਂ ਨੂੰ ਟੋਪਾ ਪਾਉਂਦਾ
ਢਿਗ ਵਿੱਚੋਂ ਰਹਿ ਬੁੱਕ ਜਾਂਦਾ ਏ

ਜਿਨਾਂ ਪੈਰ ਸੰਭਾਲ਼ ਕੇ ਰਖਾਂ
ਓਨਾ ਪੀਰ ਥੜ੍ਹਕ ਜਾਂਦਾ ਏ

ਹਿਜਰ ਤਵੀਤ ਜੇ ਬਣਾ ਛੱਡੇ ਤੇ
ਸਾਵਾ ਰੁੱਖ ਵੀ ਸੁੱਕ ਜਾਂਦਾ ਏ

ਚੀਕ ਚਕਾੜਾ ਚੀਕਦਾ ਚੁੱਪ ਦੀ
ਬੁੱਕਲ਼ ਦੇ ਵਿਚ ਲੁੱਕ ਜਾਂਦਾ ਏ

ਓਹਨੂੰ ਵੇਖ ਲਵਾਂ ਤੇ ਅਮਜਦ
ਹੜ੍ਹ ਹੰਝੂਆਂ ਦਾ ਰੁੱਕ ਜਾਂਦਾ ਏ

0

ਜਿਥੇ ਭੁੱਖ ਤੇ ਨੰਗ ਹੋ ਜਾਵੇ
ਪਿੰਡਾ ਰੂਹ ਤੇ ਤੰਗ ਹੋ ਜਾਵੇ

ਕਦੀ ਵੀ ਓਥੇ ਰੰਗ ਨਹੀਂ ਚੜ੍ਹਦੇ
ਜਿਥੇ ਲਹੂ ਦਾ ਰੰਗ ਹੋ ਜਾਵੇ

ਚੰਨ ਤੇ ਜਾ ਕੇ ਪੈਰ ਧਰੇਸਾਂ
ਉਹ ਜੇ ਮੇਰੇ ਸੰਗ ਹੋ ਜਾਵੇ

ਜੇ ਕਰ ਫੇਰਾ ਪਾਵੇ ਰਾਂਝਣ
ਦੂਰ ਦਿਲਾਂ ਦਾ ਜ਼ੰਗ ਹੋ ਜਾਵੇ

ਦਿਲ ਅੱਜ ਮੇਰਾ ਇੰਜ ਪਿਆ ਕਰਦਾਏ
ਮੈਂ ਦੀ ਮੈਂ ਨਾਲ਼ ਜੰਗ ਹੋ ਜਾਵੇ

ਆਸ਼ਿਕ ਜਿੱਥੇ ਲਾਵਣ ਡੇਰੇ
ਸੰਝ ਉਜਾੜ ਵੀ ਝੰਗ ਹੋ ਜਾਵੇ

ਸ਼ਾਲਾ ਉਹ ਦਿਨ ਆਏ ਨਾ ਅਮਜਦ
ਔਖਾ ਇੱਕ ਇੱਕ ਡੰਗ ਹੋ ਜਾਵੇ

0

ਲੂੰ ਲੂੰ ਦੇ ਵਿਚ ਅੱਗ ਮੈਂ ਵੇਖੀ
ਜਦ ਪੈਰਾਂ ਤੇ ਪੱਗ ਮੈਂ ਵੇਖੀ

ਜਦ ਵੀ ਜਿਭ ਦੇ ਨਿਸ਼ਤਰ ਲੱਗੇ
ਚੀਕਦੀ ਹਿਕ ਹਿਕ ਰੱਗ ਮੈਂ ਵੇਖੀ

ਸੁਣ ਕੇ ਦੁੱਖੜੇ ਧੀ ਰਾਣੀ ਦੇ
ਪਿਓ ਨੂੰ ਲਗਦੀ ਖੱਗ ਮੈਂ ਵੇਖੀ

ਦਿਲ ਤਾਈਂ ਉਹਨੇ ਠੱਗ ਲਿਆ ਏ
ਇੰਜ ਦੀ ਅੱਖ ਉਹ ਠੱਗ ਮੈਂ ਵੇਖੀ

ਬੰਦਾ ਵੇਖ ਕੇ ਭੁੱਖ ਦੇ ਮੂੰਹ ਚੋਂ
ਅਮਜਦ ਵਗਦੀ ਝੱਗ ਮੈਂ ਵੇਖੀ

0

ਜਿਹੜੇ ਬੋਲ ਨੇਂ ਕੀਲੇ ਹੋਏ
ਓਹੇ ਢੇਰ ਜ਼ਹਿਰੀਲੇ ਹੋਏ

ਜਦ ਵੰਝਲੀ ਨੂੰ ਸਾਹ ਮੈਂ ਦਿੱਤੇ
ਮੁੜ ਕੁਝ ਗੀਤ ਸੁਰੀਲੇ ਹੋਏ

ਤੇਰਾ ਮੁੱਖੜਾ ਵੇਖ ਕੇ ਸੱਜਣਾ
ਸਿਰਿਉਂ ਦੇ ਫੁੱਲ ਪੀਲੇ ਹੋਏ

ਠੰਢੇ ਸਾਹਵਾਂ ਨਾਲ਼ ਈ ਅੱਜ ਤੇ
ਚਾਅ ਵੀ ਸਬ ਬਰਫ਼ੀਲੇ ਹੋਏ

ਬੋਹੜ ਤੇ ਆਹਲਣਾ ਹੈ ਭਾਵੇਂ
ਵੱਖੋ ਵੱਖ ਨੇਂ ਤੀਲੇ ਹੋਏ

ਏਧਰ ਅਮਜਦ ਸ਼ੀਸ਼ਾ ਹੋਇਆ
ਉਧਰ ਰਾਹ ਪਥਰੀਲੇ ਹੋਏ

0

ਦੁਨੀਆ ਕੀ ਕੁਝ ਤੋਲਣ ਲੱਗ ਪਈ
ਮਾਖੀ ਜ਼ਹਿਰ ਇਚ ਘੋਲਣ ਲੱਗ ਪਈ

ਖ਼ੋਰੇ ਦੁਨੀਆ ਰਿਸ਼ਤੇ ਨਾਤੇ
ਪੈਸੇ ਨਾਲ਼ ਕਿਉਂ ਤੋਲਣ ਲੱਗ ਪਈ

ਅੱਖ ਅੰਗੂਰੀ ਵੇਖ ਕੇ ਔਹੰਦੀ
ਧਰਤੀ ਸਾਰੀ ਡੋਲਣ ਲੱਗ ਪਈ

ਦੌਲਤ ਬਦ-ਮਸਤੀ ਵਿਚ ਨੱਚੀ
ਪੱਗ ਬਜ਼ਅਰੇ ਰੋਲਣ ਲੱਗ ਪਈ

ਆਉਂਦੀ ਕੱਲ੍ਹ ਨੂੰ ਵੇਖ ਕੇ ਜਿੰਦੜੀ
ਮਾਜ਼ੀ ਹਾਲ ਫਰੋਲਣ ਲੱਗ ਪਈ

ਅਮਜਦ ਨਾਲ਼ ਇਸ ਗਲ ਕੀ ਕੀਤੀ
ਗੂੰਗੀ ਜਿਭ ਵੀ ਬੋਲਣ ਲੱਗ ਪਈ

0

ਆਪਣੀ ਹੋਂਦ ਨੂੰ  ਭੁੱਲਦੇ ਪਏ ਨੇਂ
ਬੰਦੇ ਤਾਈਓਂ ਰਲਦੇ ਪਏ ਨੇਂ

ਮਿਸਰ ਦੇ ਸ਼ਾਹ ਵੀ ਏਸ ਬਾਜ਼ਾਰ ਇਚ
ਅੱਟੀਆਂ ਸਾਵੇਂ ਤੁਲਦੇ ਪਏ ਨੇਂ

ਲਗਦਾਏ ਖਿਲਰ ਹਯਾਤੀ ਜਾਣੀ
ਗੱਡੇ ਸਾਹ ਦੇ ਖੁਲਦੇ ਪਏ ਨੇਂ

ਜਦੋਂ ਦੀ ਉਹਨੇ ਝਾਤੀ ਪਾਈ
ਫੱਟ ਉਦੋਂ ਦੇ ਘੁਲਦੇ ਪਏ ਨੇਂ

ਐਡੇ ਯਾਰ ਤੇ ਨਹੀਂ ਸਨ ਮਾੜੇ
ਜੇਡੇ ਅਮਜਦ ਹੁਲਦੇ ਪਏ ਨੇਂ

0

ਚੁੱਪ ਦੀ ਕੁੰਡੀ ਖੜਕਣ ਲੱਗ ਪਈ
ਦਿਲ ਦੀ ਧੜਕਣ ਧੜਕਣ ਲੱਗ ਪਈ

ਸੁਫ਼ਨੇ ਜਦ ਵੀ ਕੰਡ ਚਾ ਕੀਤੀ
ਨੀਂਦਰ ਅੱਖ ਵਿਚ ਰੱੜਕਣ ਲੱਗ ਪਈ

ਜੁੜਦਾ ਵੇਖ ਕੇ ਤੀਲਾ ਤੀਲਾ
ਬਿਜਲੀ ਰੁੱਖ ਤੇ ਕੱੜਕਣ ਲੱਗ ਪਈ

ਉਡਦੀਆਂ ਵੇਖ ਕੇ ਡਾਰਾਂ ਨੂੰ ਕਿਉਂ
ਜਿੰਦ ਪਿੰਜਰੇ ਵਿਚ ਫੱੜਕਣ ਲੱਗ ਪਈ

ਗੱਲ ਅੰਦਰ ਦੀ ਦੱਸਣ ਲੱਗਿਆਂ
ਜਿਭ ਤੇਰੀ ਕਿਉਂ ਅੱੜਕਣ ਲੱਗ ਪਈ

ਜਿਹੜੀ ਅੱਗ ਚਰੋਕਣੀ ਬੁਝ ਗਈ
ਫੇਰ ਉਹ ਅਮਜਦ ਭੱੜਕਣ ਲੱਗ ਪਈ

0

ਆਪਣੇ ਆਪ ਚੋਂ ਲੰਘਦਾ ਰਹਿੰਦਾ

ਜਿੰਦ ਸੂਲੀ ਤੇ ਟੰਗਦਾ ਰਹਿੰਦਾ

ਦਿਲ ਕਦੀ ਨਹੀਂ ਆਖੇ ਲੱਗਿਆ

ਸ਼ੈ ਬੇ-ਵੱਸੀ ਮੰਗਦਾ ਰਹਿੰਦਾ

ਉੱਡਣਾ ਸੱਪ ਇਕ ਯਾਦ ਤੇਰੀ ਦਾ

ਸ਼ਾਮ ਸਵੇਰੇ ਡੰਗਦਾ ਰਹਿੰਦਾ

ਥਾਂ ਥਾਂ ਜਿਹਨੇ ਅੱਖ ਲੜਾਈ

ਨਹੀਂ ਕਿਸੇ ਵੀ ਅੰਗ ਦਾ ਰਹਿੰਦਾ

ਚੇਤਰ ਦੇ ਰੰਗ ਲੈ ਕੇ ਸੋਹਣਾ

ਦਿਲ ਦੀ ਚੁੰਨੀ ਰੰਗਦਾ ਰਹਿੰਦਾ

ਦੂਰ ਹੋਵੇ ਤੇ ਮਰਦਾਏ ਅਮਜਦ

ਕੋਲ਼ ਹੋਵੇ ਤੇ ਸੰਗਦਾ ਰਹਿੰਦਾ

0

ਦਿਲ ਤੋਂ ਦੂਰ ਪਲੀਤੀ ਰੱਖਨਾਂ
ਇਸ਼ਕ ਨਮਾਜ਼ ਮੈਂ ਨੀਤੀ ਰੱਖਨਾਂ

ਬੱਸ ਇੱਕ ਤੇਰਾ ਨਾਂ ਲੈ ਸਕਦੀ
ਇੰਜ ਮੈਂ ਜਿਭ ਨੂੰ ਸੀਤੀ ਰੱਖਨਾਂ

ਆਪਣਿਆਂ ਹੰਝੂਆਂ ਨੂੰ ਮੈਂ ਸੱਜਣਾ!
ਡੀਕਾਂ ਲਾ ਲਾ ਪੀਤੀ ਰੱਖਨਾਂ

ਤੈਨੂੰ , ਤੈਥੋਂ ਮੰਗਣ ਦੇ ਲਈ
ਡੀਵੇ ਬਾਲ ਮਸੀਤੀ ਰੱਖਨਾਂ

ਤੇਰੇ ਮਗਰੋਂ ਤੇਰੀਆਂ ਗੱਲਾਂ
ਅਮਜਦ ਨਾਲ਼ ਮੈਂ ਕੀਤੀ ਰੱਖਨਾਂ

0

ਦਿਲ ਦਾ ਵਰਕਾ ਫੋਲੀਏ ਆਪੇ
ਆਪੇ ਹੱਸਿਆ ਰੋ ਲਿਆ ਆਪੇ

ਇੱਕ ਝੱਲੇ ਦੀ ਵਾਜ ਸੁਣੀ ਤੇ
ਦਰਦਾਂ ਬੂਹਾ ਖੋਲਿਆ ਆਪੇ

ਮਿੱਠੀ ਗੱਲ ਵੀ ਕੌੜੀ ਕੀਤੀ
ਮੋਹਰਾ ਸ਼ਹਿਦ ਇਚ ਘੋਲਿਆ ਆਪੇ

ਯਾਦ ਕਰੰਡ ਜੇ ਹੋਵਣ ਲੱਗੀ
ਖੂਹ ਨੈਣਾਂ ਦਾ ਜੋ ਲਿਆ ਆਪੇ

ਆਪੇ ਕੱਖੋਂ ਹੌਲਾ ਹੋਇਆਏਂ
ਮੈਂ ਨਹੀਂ ਹੌਲਾ ਤੋਲਿਆ ਆਪੇ

ਅਮਜਦ ਓਸ ਕਚਿਹਰੀ ਦੇ ਵਿਚ
ਮੇਰਾ ਲੂੰ ਲੂੰ ਬੋਲਿਆ ਆਪੇ

0

ਐਵੇਂ ਖੱਬ ਦਾ ਕਾਂ ਬਣਾ ਕੇ ਬੈਠਾ ਏ
ਨਿੱਕੀ ਗੱਲ ਨੂੰ ਢੇਰ ਵਧਾ ਕੇ ਬੈਠਾ ਏ

ਆਪੇ ਤੁਣਕੇ ਮਾਰ ਕੇ ਤਿਖੀਆਂ ਵਾਵਾਂ ਵਿਚ
ਕਿਕਰੀਂ ਗੁੱਡੀ ਆਪ ਫਸਾ ਬੈਠਾ ਏ

ਕਿਹੜਾ ਓਹਨੂੰ ਵੇਖੇ ਕਿਹੜਾ ਗੱਲ ਕਰੇ
ਹਰ ਬੰਦਾ ਤੇ ਨੀਵੀਂ ਪਾ ਕੇ ਬੈਠਾ ਏ

ਖ਼ੋਰੇ ਮੁੜ ਕੇ ਆ ਈ ਜਾਵੇ ਵਤਨਾਂ ਤੇ
ਅੱਖਾਂ ਰਾਹ ਤੇ ਫੇਰ ਵਿਛਾ ਕੇ ਬੈਠਾ ਏ

ਅੱਖਾਂ ਮੀਟ ਕੇ ਵਿਸ ਨਾ ਜਾਵੀਂ ਤੂੰ ਅਮਜਦ
ਸੱਪ ਬੰਦੇ ਦਾ ਰੂਪ ਵੱਟਾ ਕੇ ਬੈਠਾ ਏ

O

ਜਿਹੜੀਆਂ ਅੱਖ ਵਿਚ ਛੱਲਾਂ ਨੇਂ
ਪਲਕਾਂ ਪਾਈਆਂ ਠੱਲਾਂ ਨੇਂ

ਦੁੱਖ ਵਿਚ ਕਿਹੜਾ ਹੱਸਦਾ ਏ
ਐਵੇਂ ਬਣੀਆਂ ਗੱਲਾਂ ਨੇਂ

ਇਹ ਤੇ ਆਪੇ ਫੁੱਟ ਪੈਂਦਾ
ਪਿਆਰ ਦੀਆਂ ਕਿਹੜੀਆਂ ਵੱਲਾਂ ਨੇਂ

ਅੰਦਰੋਂ ਨੰਗ ਬੁੜ੍ਹੰਗੇ ਰਹੇ
ਬਾਹਰੋਂ ਕੱਜੀਆਂ ਖੱਲਾਂ ਨੇਂ

ਅੱਜ ਕੱਲ੍ਹ ਅਮਜਦ ਚਾਰ ਚੁਫ਼ੇਰੇ
ਗ਼ਰਜ਼ਾਂ ਮਾਰੀਆਂ ਮੱਲਾਂ ਨੇਂ

0

ਕਦੀ ਨਾ ਇੱਡੇ ਰੌਲੇ ਹੁੰਦੇ
ਕੌੜੇ ਬੋਲ ਨਾਂ ਬੋਲੇ ਹੁੰਦੇ

ਸੱਜਣ ਦੇ ਹੱਥ ਬਾਂਹ ਜੇ ਹੁੰਦੀ
ਲੀਰੋ-ਲੀਰ ਨਾ ਚੋਲੇ ਹੁੰਦੇ

ਕੌਣ ਉਨ੍ਹਾਂ ਨੂੰ ਕਮਲਾ ਆਖੇ
ਜਿਨ੍ਹਾਂ ਭਰੇ ਭੜੋਲੇ ਹੁੰਦੇ

ਤੇਰੀ ਅੱਖ ਚੋਂ ਪੀਤੀ ਹੁੰਦੀ
ਇੱਕ ਵਾਰੀ ਤਾਂ ਡੋਲੇ ਹੁੰਦੇ

ਉਹਦੇ ਹੱਥ ਇਚ ਘੁੱਘੂ ਘੋੜੇ
ਮੇਰੇ ਹੱਥ ਪਟੋਲੇ ਹੁੰਦੇ

ਪੁੱਠੇ ਸਬਕ ਨਾ ਪੜ੍ਹਦੇ ਤੇ ਅੱਜ
ਵਰਕੇ ਦਿਲ ਦੇ ਫੋਲੇ ਹੁੰਦੇ

ਇੰਜ ਨਾ ਦਰ ਦਰ ਨੀਂਦਰ ਰੁਲਦੀ
ਬੂਹੇ ਅੱਖ ਦੇ ਖੋਲੇ ਹੁੰਦੇ

ਸਾਡੇ ਵਰਗੇ ਲੋਕੀ ਅਮਜਦ

ਅੰਨ੍ਹੇ,ਗੂੰਗੇ, ਬੋਲੇ, ਹੁੰਦੇ

0

ਮੈਂ ਦੀ ਮਿੱਟੀ ਰੁਲਦੀ ਕਿਉਂ ਨਹੀਂ
ਚੁੱਪ ਦੀ ਬੁੱਕਲ ਖੁੱਲਦੀ ਕਿਉਂ ਨਹੀਂ

ਅਪਣਾ ਆਪ ਭੁਲੀ ਬੈਠਾਂ
ਉਹਦੀ ਸੂਰਤ ਭੁੱਲਦੀ ਕਿਉਂ ਨਹੀਂ

ਲੋਕਾਂ ਵੱਲੇ ਭੱਜ ਕੇ ਜਾਂਦੀ
ਕਿਸਮਤ ਸਾਥੇ ਡੁਲ੍ਹਦੀ ਕਿਉਂ ਨਹੀਂ

ਖੁਲਦੇ ਪਏ ਨੇਂ ਭੇਤ ਅੱਜ ਸਾਰੇ
ਅੱਖ ਅੰਦਰ ਦੀ ਖੁੱਲਦੀ ਕਿਉਂ ਨਹੀਂ

ਭੁੱਖ ਉੜਾ ਕੇ ਲੈ ਜਾਏ ਅਮਜਦ
ਇੰਜ ਹਨੇਰੀ ਘੁੱਲਦੀ ਕਿਉਂ ਨਹੀਂ

0

ਬੂਹਾ ਸੋਚ ਦਾ ਖੋਲੀ ਰੱਖਨਾਂ
ਆਪਣੇ ਆਪ ਤੋਲੀ ਰਖਨਾਂ

ਉਦੋਂ ਤਿਲਕਣ ਲੱਗ ਪੈਂਦਾ ਏ
ਪੈਰ ਜਦੋਂ ਵੀ ਪੋਲ਼ੀ ਰੱਖਨਾਂ

ਤੂੰਮੇ ਵਰਗੀਆਂ ਸੁਣ ਕੇ ਮੁੜ ਵੀ
ਮਿੱਠੇ ਬੋਲ ਮੈਂ ਬੋਲੀ ਰੱਖਨਾਂ

ਕਦ ਪਰਨਾਵਣ ਆਵੇ ਰਾਂਝਾ
ਰੋਜ਼ ਸਜਾ ਕੇ ਡੋਲੀ ਰੱਖਨਾਂ

ਹਿਜਰ ਦੇ ਉਜੜੇ ਬਾਗ਼ੇ ਅੰਦਰ
ਆਸ ਦੀ ਹਿਕ ਹਰਨੋਲੀ ਰਖਨਾਂ

ਯਾਦ ਦੀ ਕੁਢਣੀ ਨਾਲ਼ ਮੈਂ ਅਮਜਦ
ਬੁਝੀ ਅੱਗ ਫਰੋਲੀ ਰੱਖਨਾਂ

0

ਪਹਿਲੇ ਪਿਆਰ ਵੀ ਜੱਗ ਤੋਂ ਵੱਧ ਕੇ ਕਰਦੇ ਰਹੇ
ਤੇ ਫ਼ਿਰ ਪਿਆਰ ਲਈ ਓਸੇ ਜੱਗ ਤੋਂ ਡਰਦੇ ਰਹੇ

ਚਾ ਕੇ ਪੰਡ ਹਯਾਤੀ ਵਾਲੀ ਲੋਕਾਂ ਨੇਂ
ਸਾਰੀ ਉਮਰਾਂ ਜੀਣ ਦੀ ਖ਼ਾਤਿਰ ਮਰਦੇ ਰਹੇ

ਸੀ ਨਹੀਂ ਕੀਤੀ ਜੱਗ ਦੇ ਤਾਅਨੇ ਸੁਣ ਕੇ ਵੀ
ਅੰਦਰੋ ਅੰਦਰੀ ਮਰਦੇ ਰਹੇ ਪਰ ਜਰਦੇ ਰਹੇ

ਵੇਚ ਕੇ ਸਾਰੇ ਸੁਫ਼ਨੇ ਕੜਮੀਆਂ ਅੱਖਾਂ ਦੇ
ਲੋਕੀ ਕਿਸਰਾਂ ਢਿੱਡ ਦੀਆਂ ਘਰਲਾਂ ਭਰਦੇ ਰਹੇ

ਉਹਦੀ ਜ਼ਿੱਦ ਦਾ ਸੂਰਜ ਅਮਜਦ ਢਲਿਆ ਨਾ
ਅਸੀਂ ਤੇ ਆਸ ਦੀ ਪੋਹ ਵਿਚ ਭਾਵੇਂ ਠਰਦੇ ਰਹੇ

0

ਤਲ਼ੀ ਤੇ ਧਰ ਕੇ ਜਾਨ ਤਾਂ ਲੱਭੋ
ਹਿੱਕ ਹਿੱਕ ਘਰ ਵੀਰਾਨ ਤਾਂ ਲੱਭੋ

ਵੇਖਣ ਨੂੰ ਨੇਂ ਸਾਰੇ ਬੰਦੇ
ਬੰਦਿਆਂ ਚੋਂ ਇਨਸਾਨ ਤਾਂ ਲੱਭੋ

ਕਿਸ ਨੂੰ ਜਾ ਉਲਾਹਮੇ ਦਈਏ
ਕਿੱਥੇ ਗਏ ਉਹ ਮਾਨ ਤਾਂ ਲੱਭੋ

ਜਿਥੇ ਦੁੱਖੜੇ ਵਿਕਦੇ ਹੋਵਣ
ਹੈ ਕੋਈ ਯਾਰ ਦੁਕਾਨ ਤਾਂ ਲੱਭੋ

ਪਿੱਛੇ ਮੈਂ ਨੂੰ ਮਾਰਨਾ ਲੋਕੋ
ਪਹਿਲੇ ਕੋਈ ਗੁਸਤਾਨ ਤਾਂ ਲੱਭੋ

ਪੱਗਾਂ ਦੀ ਪਰਹਿਆ ਵਿਚ ਅਮਜਦ
ਪਰੇਂ ਦਾ ਹਿਕ ਪ੍ਰਧਾਨ ਤਾਂ ਲਬੱਹੋ

0

ਇੰਜ ਦੇ ਹੋਏ ਹਾਲ ਨੀ ਮਾਏ
ਕੌਡੀ ਦੇ ਮੁੱਲ ਲਾਅਲ ਨੀ ਮਾਏ

ਹਰ ਕੋਈ ਅਪਣਾ ਰੋਵਣ ਰੋਵੇ
ਪੈ ਗਿਆ ਸੁੱਖ ਦਾ ਕਾਲ਼ ਨੀ ਮਾਏ

ਪਿਆਰ ਖ਼ਜ਼ਾਨੇ ਖ਼ਾਲੀ ਹੋ ਗਏ
ਵਾਹਧੋਂ ਹਿਰਸ ਦਾ ਮਾਲ ਨੀ ਮਾਏ

ਮੈਂ ਖ਼ੁਸ਼ੀਆਂ ਨੂੰ ਚੁੱਲ੍ਹੇ ਪਾਵਾਂ
ਜੇ ਤੂੰ ਨਹੀਂ ਐਂ ਨਾਲ਼ ਨੀ ਮਾਏ

ਝੱਟ ਦੇ ਕਾਰੇ ਵਧਦੇ ਵਧਦੇ
ਬਣ ਗਏ ਕਿੰਨੇ ਸਾਲ ਨੀ ਮਾਏ

ਹੋਠਾਂ ਉੱਤੇ ਜਿੰਦਰੇ ਅਮਜਦ
ਅੱਖਾਂ ਵਿਚ ਸਵਾਲ ਨੀ ਮਾਏ

0

ਦੁੱਖਾਂ ਵਿਚ ਪੜੀਜ ਗਿਆ ਏ
ਬੰਦਾ ਫ਼ਿਰ ਖੜੀਜ ਗਿਆ ਏ

ਜਦ ਇਸ ਮੁੜ ਕੇ ਤੱਕਿਆ ਨਾਹੀਂ
ਬੂਹਾ ਆਪ ਭੱੜੀਜ ਗਿਆ ਏਏ

ਭੁੱਖ ਦੀ ਉੱਖਲੀ ਇੰਜ ਦੀ ਹੈ ਸੀ
ਹਿੱਕ ਹਿੱਕ ਯਾਰ ਛੜੀਜ ਗਿਆ ਏ

ਏਨੀ ਸੱਜਣਾ ਕਾਵੜ ਨਾ ਕਰ
ਰੱਬੀ ਹੱਥ ਫੜੀਜ ਗਿਆ ਏ

ਉਹਦਾ ਨਾਂ ਸੀ ਲਿਖਣਾ ਅਮਜਦ
ਕਾਨਾ ਆਪ ਘੜੀਜ ਗਿਆ ਏ

0

ਦੁੱਖ ਸੁਖ ਜਦੋਂ ਵੰਡੀਤੇ ਯਾਰ
ਹੋ ਗਏ ਫ਼ਿਰ ਕੰਡੀਤੇ ਯਾਰ

ਜਦ ਵੀ ਕੋਈ ਨਾ ਚੱਲੀ ਪੇਸ਼
ਅਸਾਂ ਵੀ ਲੱਬ ਚਾ ਸੀਤੇ ਯਾਰ

ਜਦ ਨਾ ਪੁੱਜੀ ਕੋਈ ਵੀ ਆਸ
ਸੌਂ ਗਏ ਚੁੱਪ ਚੁਪੀਤੇ ਯਾਰ

ਭਾਵੇਂ ਓਦਰਾਂ ਕੀਤਾ ਮੂੰਜ
ਯਾਰ ਦੇ ਗਿਲੇ ਨਾ ਕੀਤੇ ਯਾਰ

ਉਸ ਤੋਂ ਅਮਜਦ ਹੋ ਕੇ ਦੂਰ
ਸਬਰ ਦੇ ਘੱਟ ਨੇਂ ਪੀਤੇ ਯਾਰ

0

ਸੌਖਾ ਨਹੀਂ ਪਰ ਕਰ ਸਕਨੇ ਆਂ
ਇਕ ਦੂਜੇ ਲਈ ਮਰ ਸਕਨੇ  ਆਂ

ਕਿਸਮਤ ਨਾਲ਼ ਏ ਨੇੜੇ ਲੱਗਣਾਂ
ਦੂਰੋਂ ਵੇਖ ਕੇ ਠਰ ਸਕਨੇ ਆਂ

ਹਰ ਕੇ ਜਿੱਤਿਆ ਜਾ ਸਕਦਾ ਏ
ਜਿਤੀ ਬਾਜ਼ੀ ਹਰ ਸਕਨੇ ਆਂ

ਲੱਖ ਪਿਆ ਕੋਈ ਮਿਹਣੇ ਦੇਵੇ
ਤੇਰੇ ਮੂੰਹ ਨੂੰ ਜਰ ਸਕਨੇ ਆਂ

ਵੇਲ਼ਾ ਭਾਵੇਂ ਤੱਸਿਆਂ ਰੱਖੇ
ਠੰਡਾ ਸਾਹ ਤੇ ਭਰ ਸਕਨੇ ਆਂ

ਦਿਲ ਨਾ ਕੋਈ ਟੁੱਟੇ ਅਮਜਦ
ਐਨਾਂ ਕੰਮ ਤੇ ਕਰ ਸਕਨੇ ਆਂ

0

ਲੱਗੇ ਰੋਜ਼ ਨਵੀਂ ਇੱਕ ਢਾਹ
ਜਦ ਵੀ ਡੱਕਾਂ ਅੰਦਰ ਹਾਹ

ਅਨ੍ਹਿਆਂ ਦੀ ਇਸ ਨਗਰੀ ਵਿਚ
ਚਾਨਣ ਲਈ ਨਾ ਠੱਡੇ ਖਾਹ

ਮੌਤ ਵਿਖਾਲੀ ਦੇਵੇ ਜਦ
ਚੱਲਦੀ ਨਹੀਂ ਫ਼ਿਰ ਕਿਸੇ ਦੀ ਵਾਹ

ਮੈਨੂੰ ਲੰਬੂ ਦੱਸਦੇ ਨੇਂ
ਲੋਕੀ ਆਖਣ ਠੱਡੇ ਸਾਹ

ਅਮਜਦ ਤੈਥੇ ਸੱਟੀਆਂ ਨੇਂ
ਮੇਰਾ ਨਹੀਂ ਕੋਈ ਹੋਰ ਗਵਾਹ

0

ਦਿਲ ਦਾ ਕੋਠਾ ਢਹਿ ਜਾਂਦਾ ਏ
ਬੰਦਾ ਵੇਖਦਾ ਰਹਿ ਜਾਂਦਾ ਏ

ਕਦੀ ਕਦੀ ਤੇ ਚਾਅ ਦਾ ਸੂਰਜ
ਡੀਗਰ ਵੇਲੇ ਲਹਿ ਜਾਂਦਾ ਏ

ਸੋਚਦਾ ਬੱਦਲ ਜਦ ਵੀ ਗੱਜੇ

ਖ਼ਿਆਲ ਦਿਲੇ ਵਿਚ ਛਹਿ ਜਾਂਦਾ ਏ

ਤੀਰ ਸ਼ਿਮਰ ਦਾ ਕੱਸਿਆ ਹੋਇਆ
ਰੋਜ਼ ਕੱਲੇ ਵਿਚ ਵਹਿ ਜਾਂਦਾ ਏ

ਮੈਂ ਬੈਠਾਂ ਤੇ ਨਾਲ਼ ਈ ਅਮਜਦ
ਰਾਹ ਵੀ ਥੱਕ ਕੇ ਬਹਿ ਜਾਂਦਾ ਏ

0

ਗੂੜ੍ਹੇ ਹੋਵਣ ਯਾਰ ,ਨਹੀਂ ਕਰਦੇ

ਕੰਡ ਦੇ ਮਗਰੋਂ ਵਾਰ ਨਹੀਂ ਕਰਦੇ

ਸੱਜਣਾਂ ਕੋਲੋਂ ਡੰਗੇ ਹੋਏ

ਆਪਣੇ ਤੇ ਇਤਬਾਰ ਨਹੀਂ ਕਰਦੇ

ਕਿਸੇ ਦਾ ਭਾਰ ਵੰਡਾਂਦੇ ਜਿਹੜੇ

ਹੌਲਾ ਅਪਣਾ ਭਾਰ ਨਹੀਂ ਕਰਦੇ

ਬੋਹੜ ਨਾ ਕਿਦਰੇ ਵੰਡਿਆ ਜਾਵੇ

ਵਿਹੜੇ ਵਿਚ ਦੀਵਾਰ ਨਹੀਂ ਕਰਦੇ

ਆਸ਼ਿਕ , ਇਸ਼ਕ ਤੋਂ ਹਟ ਕੇ ਅਮਜਦ

ਹੋਰ ਕੋਈ ਕੰਮ ਕਾਰ ਨਹੀਂ ਕਰਦੇ

੦

ਜਿਭ ਦੀਆਂ ਗੰਢਾਂ ਖੋਲ ਵੇ ਢੋਲਾ

ਕੁੱਝ ਤੇ ਮੂੰਹ ਚੋਂ ਬੋਲ ਵੇ ਢੋਲਾ

ਤੇਰੀ ਯਾਦ ਬਚਾਈ ਫਿਰਨਾਂ

ਹੋਰ ਤੇ ਕੁੱਝ ਨਹੀਂ ਕੋਲ਼ ਵੇ ਢੋਲਾ

ਕਿੰਜ ਪੂਣੀ ਨੂੰ ਤੱਕਲੇ ਚਾਹੜਾਂ

ਸਾਹ ਜਾਂਦੇ ਨੇਂ ਡੋਲ ਵੇ ਢੋਲਾ

ਬਾਹਰੋਂ ਪੱਕੇ ਪੈਰੀਂ ਆਂ-- ਪਰ

ਅੰਦਰੋਂ ਡਾਂਵਾਂਡੋਲ ਵੇ ਢੋਲਾ

ਅੱਖ ਦੇ ਵਿਹੜੇ ਢੋਲਣ ਢੁੱਕਣਾ

ਦਿਲ ਦਾ ਵਜੇ ਢੋਲ ਵੇ ਢੋਲਾ

ਫੁੱਲਾਂ ਜਿਹੀ ਹਯਾਤੀ ਅਮਜਦ

ਦੁੱਖਾਂ ਛੱਡੀ ਰੋਲ਼ ਵੇ ਢੋਲਾ

O

ਇਹੋ ਸੋਚ ਕੇ ਬੈਠਾ ਰੋਵਾਂ
ਬੰਜਰ ਭੋਈਂ ਤੇ ਕੀ ਮੈਂ ਬੋਵਾਂ

ਗੇੜ ਸਮਝ ਇਚ ਆਉਂਦਾ ਨਹੀਂ ਏ
ਛਾਵਾਂ ਹੇਠ ਕਿਉਂ ਲੱਗਣ ਲੋਵਾਂ

ਲਾਹੀਆਂ ਵੀ ਨਹੀਂ ਲਾਹੁੰਦੇ ਪਏ ਨੇਂ
ਲੱਖ ਹੰਝੂਆਂ ਨਾਲ਼ ਦਾਗ਼ ਮੈਂ ਧੋਵਾਂ

ਲਗਦੀ ਪਈ ਅਨਾਜ ਨੂੰ ਕੀੜੀ
ਚੱਬਾਂ ਕੀ ਤੇ ਕੀ ਮੈਂ ਗੋਵਾਂ

ਅਰਮਾਨਾਂ ਨੂੰ ਢਾਹ ਕੇ ਅਮਜਦ
ਆਪਣੇ ਹੱਥੀਂ ਨਿੱਤ ਪਿਆ ਕੋਹਵਾਂ

0

ਅੱਖ ਦਾ ਚਾਨਣ ਖੋਹੰਦੇ ਪਏ ਨੇਂ
ਇੰਜ ਹਨੇਰ ਵੀ ਹੋਂਦੇ ਪਏ ਨੇਂ

ਉੱਚੇ ਮਹਿਲ ਉਸਾਰਨ ਦੇ ਲਈ
ਲਹੂ ਵਿਚ ਮਿੱਟੀ ਗੋਹੰਦੇ ਪਏ ਨੇਂ

ਜੱਗ ਦੇ ਮਿਹਣੇ ਜੀਣ ਨਹੀਂ ਦੇਂਦੇ
ਸ਼ਾਮ ਸਵੇਰੇ ਕੋਹੰਦੇ ਪਏ ਨੇਂ

ਖੁਲਦੇ ਸਾਹਵਾਂ ਦੀ ਪੰਡ ਬਨ੍ਹਕੇ
ਆਪਣੇ ਸਿਰ ਤੇ ਢੋਂਦੇ ਪਏ ਨੇਂ

ਰੋਵਣ ਵਾਲੇ ਹੱਸਨ ਅਮਜਦ
ਹੱਸਣ ਵਾਲੇ ਰੋਂਦੇ ਪਏ ਨੇਂ

Back tital matter

ਅਜ ਦੇ ਜ਼ਮਾਨੇ ਚ ਬੰਦਾ ਕਹਿੰਦਾ ਘੱਟ ਏ, ਤੇ  ਸਹਿੰਦਾ ਵੱਧ ਏ। ਸੰਸਾਰਿਕ ਤੇ ਮਾਨਸਿਕ ਗੁੰਝਲਾਂ ਨੂੰ ਚੁੱਪ ਦੀ ਬੁੱਕਲ ਹੇਠ ਲੁਕਾਈ ਰਖਦਾ ਏ। ਤਨਹਾਈ ਦੇ ਵਿਹੜੇ ਚ ਜਦੋਂ ਉਹ ਆਪਣੇ ਆਪ ਨਾਲ ਗੁਫ਼ਤਗੂ ਕਰਦਾ ਏ ਤੇ ਇਹ ਗੁਫ਼ਤਗੂ ਸ਼ਾਇਰੀ ਦੀ ਕਿਸੇ ਸਿਨਫ਼ ਚ ਢਲਦੀ ਏ, ਤਾਂ ਚੁੱਪ ਦੀ ਆਵਾਜ਼ ਸਾਨੂੰ ਆਪਣੇ-ਆਪਣੇ ਅੰਦਰ ਬੱਝੀ 'ਚੁੱਪ ਦੀ ਬੁੱਕਲ' ਖੋਲ੍ਹਣ ਦਾ ਹੋਕਾ ਦਿੰਦੀ ਏ। ਆਪਣੇ ਸ਼ਿਅਰੀ ਮਜਮੂਏ "ਚੁੱਪ ਦੀ ਬੁੱਕਲ" ਵਿਚ ਅਮਜਦ ਆਰਫ਼ੀ ਨੇ ਬੁੱਕਲ ਖੋਲ੍ਹ ਕੇ ਜਿਹੜੇ ਦੁੱਖ-ਦਰਦ ਵਿਖਾਏ ਹਨ ਉਹ ਸਭਨਾ ਦੇ ਸਾਂਝੇ ਨੇ। ਸਾਝੀਆਂ ਚੀਸਾਂ ਹਨ, ਸਾਂਝੇ ਵਿਗੋਚੇ ਹਨ, ਸਾਂਝੀਆਂ ਦੁਆਵਾਂ ਹਨ। ਉਹਦੀ ਸ਼ਾਇਰੀ ਚ ਮਿੱਟੀ ਦੀ ਮਹਿਕ ਹੈ, ਜ਼ੁਬਾਨ ਦਾ ਮੋਹ ਹੈ, ਖੁਸ਼ੀ ਦੇ ਅੱਥਰੂ ਹਨ, ਦੁੱਖ ਦੀ ਕਿਲਕਾਰੀ ਹੈ ਤੇ ਸਾਰੀ ਦਿਹਾੜੀ ਹਲ ਵਾਹੁੰਦੇ ਕਿਸਾਨ ਦੀ ਸਕੂਨ ਭਰੀ ਥਕਾਵਟ ਹੈ। ਬੰਦਾ ਭਾਵੇਂ ਸੱਤ ਸਮੁੰਦਰੋਂ ਪਾਰ ਬੈਠਾ ਹੋਵੇ ਭਾਵੇਂ ਇਕ ਦਰਿਆਓਂ ਪਾਰ, ਵਿਗੋਚੇ ਸਭਨਾ ਨੂੰ ਇੱਕੋ ਜਿਹੀ ਧੂਹ ਪਾਂਦੇ ਨੇ। ਆਰਫ਼ੀ ਨੇ ਆਪਣੀ ਚੁੱਪ ਨੂੰ ਆਵਾਜ਼ ਦੇਣ ਲਈ ਗ਼ਜ਼ਲ ਵਰਗੀ ਮੁਸ਼ਕਿਲ ਸਮਝੀ ਜਾਂਦੀ ਸਿਨਫ਼ ਨੂੰ ਅਪਣਾਇਆ ਹੈ ਤੇ ਬਾਖ਼ੂਬੀ ਨਿਭਾਇਆ ਹੈ। ਛੋਟੀ ਬਹਿਰ ਵਿਚ ਉਸ ਨੂੰ ਖ਼ਾਸ ਮੁਹਾਰਤ ਹੈ। ਗ਼ਜ਼ਲ ਵਿਚ ਲਫ਼ਜ਼ਾਂ ਦੇ ਨਗੀਨੇ ਜੜਨੇ ਵੀ ਉਹ ਜਾਣਦਾ ਹੈ। ਆਰਫ਼ੀ ਦੀ ਸ਼ਾਇਰੀ ਮਾਂ ਬੋਲੀ ਦੇ ਖ਼ਜ਼ਾਨੇ ਭਰਪੂਰ ਕਰਦੀ ਰਹੇ। ਇਸ ਦੁਆ ਨਾਲ "ਚੁੱਪ ਦੀ ਬੁੱਕਲ " ਨੂੰ ਖ਼ੁਸ਼ ਆਮਦੀਦ।

----ਪ੍ਰੋ. ਜਸਪਾਲ ਘਈ
(ਫ਼ਿਰੋਜ਼ਪੁਰ ਪੰਜਾਬ)

Filename: MUKAMAL BUKAL
Directory: C:\Users\Hc\Documents
Template:
C:\Users\Hc\AppData\Roaming\Microsoft\Templates\Normal.dotm
Title:
Subject:
Author:
Keywords:
Comments:
Creation Date: 1/8/2021 10:28:00 AM
Change Number: 3
Last Saved On: 1/8/2021 10:36:00 AM
Last Saved By: Hc
Total Editing Time: 8 Minutes
Last Printed On: 3/23/2021 2:18:00 PM
As of Last Complete Printing
Number of Pages: 81
Number of Words: 4,371 (approx.)
Number of Characters: 24,920 (approx.)